**1000/Karamjit kaur/Abhishek gautam**

# PUNJAB VIDHAN SABHA

*Tuesday, the 5th March, 2024*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.02 A.M. Mr. Speaker (Sardar Kultar Singh Sandhwan) in the Chair.*

--------------------

## STARRED QUESTIONS AND ANSWERS

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਹੱਥ ਵਿੱਚ ਤਖਤੀਆਂ ਫੜ੍ਹ ਕੇ ਅਤੇ ਨਾਅਰੇ ਮਾਰਦੇ ਹੋਏ ਹਾਊਸ ਵਿੱਚ ਦਾਖਲ ਹੋਏ ।)

(ਇਸ ਸਮੇਂ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਾਕੀ ਸਮੂਹ ਮੈਂਬਰਜ਼ ਸਰਕਾਰ ਵਿਰੁੱਧ ਦਲਿਤ ਵਿਰੋਧੀ ਹੋਣ ਦੇ ਨਾਅਰੇ ਲਗਾਉਣ ਲੱਗ ਪਏ ਅਤੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਸਰਕਾਰ ਵਿਰੁੱਧ ਦਲਿਤ ਵਿਰੋਧੀ ਹੋਣ ਦੇ ਵੱਖ ਵੱਖ ਨਾਅਰਿਆਂ ਵਾਲੀਆਂ ਤਖਤੀਆਂ ਵੀ ਪਕੜੀਆਂ ਹੋਈਆਂ ਸਨ।)

**ਮਾਣਯੋਗ ਸਪੀਕਰ:** ਮੈਂ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਗੁਜਾਰਿਸ਼ ਕਰਦਾ ਹਾਂ ਕਿ ਪ੍ਰਸ਼ਨ ਕਾਲ ਹੋ ਜਾਣ ਦੇਈਏ। ਉਸ ਤੋਂ ਬਾਅਦ ਆਪਾਂ ਆਪਣੀ ਗੱਲ ਨੂੰ ਬੜੇ ਵਧੀਆ ਤਰੀਕੇ ਨਾਲ ਕਹਿ ਸਕਦੇ ਹਾਂ। ਪ੍ਰਸ਼ਨ ਕਾਲ ਹੋ ਜਾਣ ਦੇਈਏ ਜੀ।

(ਇਸ ਉਪਰੰਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ।)

----------------

### ਪ੍ਰਸ਼ਨ ਨੰਬਰ *935

### ਦੋਰਾਹਾ-ਜੈਪੁਰਾ ਸੜਕ ਦੀ ਮੁਰੰਮਤ

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------------------

## ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫ਼ਤਰ ਲਈ ਪੱਕੀ ਇਮਾਰਤ ਬਣਾਉਣਾ

***941. ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ , ਖੇਤਰੀ ਦਫ਼ਤਰ ਲਈ ਫਰੀਦਕੋਟ ਵਿੱਚ ਕੋਈ ਪਰਾਪਰ ਦਫ਼ਤਰ ਨਹੀਂ ਹੈ ਅਤੇ ਇਸ ਸਮੇਂ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਖੇਤਰੀ ਦਫ਼ਤਰ ਜ਼ਿਲ੍ਹਾ ਸਿਖਲਾਈ ਸੰਸਥਾ ਫਰੀਦਕੋਟ ਦੇ ਹੋਸਟਲ ਵਿੱਚ ਚੱਲ ਰਿਹਾ ਹੈ, ਉਸ ਦੀ ਹਾਲਤ ਬਹੁਤ ਖਰਾਬ ਹੈ ਅਤੇ ਕਿਸੇ ਵੇਲੇ ਵੀ ਅਣਸੁਖਾਵੀਂ ਘਟਨਾ ਹੋ ਸਕਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਦਫ਼ਤਰ ਲਈ ਪੱਕੀ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**1000/Abhishek gautam/Karamjit kaur**

**1005/harpreet singh**

**ਸਰਦਾਰ ਹਰਜੋਤ ਸਿੰਘ ਬੈਂਸ:** ਮਾਣਯੋਗ ਸਪੀਕਰ ਸਾਹਿਬ, ਨਹੀਂ ਜੀ। ਜ਼ਿਲ੍ਹਾ ਫਰੀਦਕੋਟ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਖੇਤਰੀ ਦਫ਼ਤਰ ਇਸ ਸਮੇਂ ਜ਼ਿਲ੍ਹਾ ਸਿਖਲਾਈ ਸੰਸਥਾ, ਫਰੀਦਕੋਟ ਵਿਚ ਚੱਲ ਰਿਹਾ ਹੈ। ਇਹ ਬਿਲਡਿੰਗ ਦਫ਼ਤਰ ਦੀ ਵਰਤੋਂ ਲਈ ਸੁਰੱਖਿਅਤ ਹੈ ਅਤੇ ਖਸਤਾ ਨਹੀਂ ਹੈ ਕਿਉਂਕਿ ਇਸ ਬਿਲਡਿੰਗ ਦਾ ਲੋੜੀਂਦਾ ਨਵੀਨੀਕਰਨ ਕੀਤਾ ਗਿਆ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਸਪੀਕਰ ਸਾਹਿਬ, ਇਹ ਡਾਈਟ ਦੀ ਬਿਲਡਿੰਗ ਹੈ ਜੀ। ਕਦੇ ਕਦਾਈਂ ਆਮ ਪਬਲਿਕ ਨੂੰ ਅੰਦਰ ਆਉਣੋਂ ਰੋਕ ਦਿੱਤਾ ਜਾਂਦਾ ਹੈ। ਪਿਛਲੇ ਸਮੇਂ ਵਿਚ ਅਸੀਂ ਪ੍ਰਸ਼ਾਸਨ ਨਾਲ ਮਿਲ ਕੇ ਉਨ੍ਹਾਂ ਨੂੰ ਇਹ ਜਗ੍ਹਾ ਦਿਵਾਈ ਹੈ ਪਰ ਹੁਣ ਉੱਥੇ ਵੀ ਕਈ ਵਾਰ ਦੋ-ਦੋ ਤਿੰਨ-ਤਿੰਨ ਥਾਵਾਂ ਤੇ ਕਿਤਾਬਾਂ ਰੱਖਣੀਆਂ ਪੈਂਦੀਆਂ ਹਨ। ਸੋ, ਇਸ ਵਾਸਤੇ ਮੰਤਰੀ ਜੀ ਨੂੰ ਬੇਨਤੀ ਹੈ ਕਿ ਸਿੱਖਿਆ ਬੋਰਡ ਦੇ ਖੇਤਰੀ ਦਫ਼ਤਰ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਕਿਉਂਕਿ ਸਾਰੇ ਜ਼ਿਲ੍ਹੇ ਦੀਆਂ ਕਿਤਾਬਾਂ ਉੱਥੇ ਪਈਆਂ ਹਨ।

**ਮਾਣਯੋਗ ਸਪੀਕਰ:** ਇਹ ਸਦਨ ਤੁਹਾਨੂੰ ਪ੍ਰਸ਼ਨ ਕਰਨ ਦਾ ਹੱਕ ਦਿੰਦਾ ਹੈ, ਤੁਸੀਂ ਬੇਨਤੀ ਨਾ ਕਰੋ, ਮੰਤਰੀ ਜੀ ਨੂੰ ਪ੍ਰਸ਼ਨ ਪੁੱਛੋ। ਮੰਤਰੀ ਜੀ, ਕੀ ਤੁਸੀਂ ਦਫ਼ਤਰ ਦਾ ਪੱਕਾ ਹੱਲ ਕਰੋਗੇ?

**ਮੰਤਰੀ:** ਜੀ, ਸਪੀਕਰ ਸਾਹਿਬ। ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਰਾਬਤਾ ਕਰਕੇ ਇਸ ਦਾ ਪੱਕਾ ਹੱਲ ਕਰਵਾਇਆ ਜਾਵੇਗਾ।

------

**ਲਹੌਰ ਬ੍ਰਾਂਚ ਨਹਿਰ ਦੀ ਲਾਇਨਿੰਗ ਦੇ ਕੰਮ ਦੀ ਤਾਜ਼ਾ ਸਥਿਤੀ**

***949. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-
(ੳ) ਲਹੌਰ ਬ੍ਰਾਂਚ ਨਹਿਰ, ਜੋ ਅਲੀਵਾਲ (ਗੁਰਦਾਸਪੁਰ) ਤੋਂ ਸ਼ੁਰੂ ਹੁੰਦੀ ਹੋਈ ਹਲਕਾ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡਾਂ ਵਿੱਚ (ਵਾਇਆ ਫਤਿਹਗੜ੍ਹ ਚੂੜੀਆਂ ਤੋਂ ਅਜਨਾਲਾ ਰਾਹੀਂ) ਪਹੁੰਚਦੀ ਹੈ, ਦੀ ਜੋ ਲਾਇਨਿੰਗ ਦਾ ਕੰਮ ਚੱਲ ਰਿਹਾ ਸੀ, ਉਸ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਹੋਣ ਦੀ ਆਸ ਹੈ;
(ਅ) ਪਿੰਡ ਭੋਮਾ ਦੇ ਨਜ਼ਦੀਕ ਜੋ 18780 ਫੁੱਟ ਦਾ ਕੰਮ ਬਕਾਇਆ ਰਹਿੰਦਾ ਹੈ, ਉਹ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਚੇਤਨ ਸਿੰਘ ਜੌੜਾਮਾਜਰਾ:** ਸ਼੍ਰੀਮਾਨ ਜੀ,

(ੳ) ਲਾਹੌਰ ਬਰਾਂਚ ਦੀ ਲਾਈਨਿੰਗ ਦੀ ਕੁੱਲ ਲੰਬਾਈ ਬੁਰਜੀ 0 (ਨੇੜੇ ਆਲੀਵਾਲ) ਤੋਂ ਬੁਰਜੀ 190000 (ਨੇੜੇ ਅਟਾਰੀ) ਤੱਕ 57.93 ਕਿਲੋਮੀਟਰ ਬਣਦੀ ਹੈ ਜਿਸ ਵਿਚੋਂ 46.96 ਕਿਲੋਮੀਟਰ ਪਹਿਲਾਂ ਹੀ ਕੰਕਰੀਟ ਲਾਈਨਿੰਗ ਕੀਤੀ ਜਾ ਚੁੱਕੀ ਹੈ ਅਤੇ 10.97 ਕਿਲੋਮੀਟਰ ਦਾ ਬਾਕੀ ਕੰਮ ਮਿਤੀ 30.04.2024 ਤੱਕ ਪੂਰਾ ਕਰ ਲਿਆ ਜਾਵੇਗਾ ਜੀ।
(ਅ) ਲਾਹੌਰ ਬਰਾਂਚ ਦੀ ਬੁਰਜੀ 25000 (ਪਿੰਡ ਪਾਰੋਵਾਲ) ਤੋਂ ਬੁਰਜੀ 43780 (ਪਿੰਡ ਭੋਮਾ ਨੇੜੇ) ਤੱਕ ਕੰਕਰੀਟ ਲਾਈਨਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਇਹ ਵੀ ਮਿਤੀ 30.04.2024 ਤੱਕ ਮੁਕੰਮਲ ਹੋ ਜਾਵੇਗਾ ਜੀ।
**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਸਿਸਟਮ ਵਿਚ ਅੱਪਲੋਡ ਨਹੀਂ ਹੋਇਆ ਹੈ ਜੀ। ਚਲੋ ਕੋਈ ਗੱਲ ਨਹੀਂ ਜੀ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲਾਹੌਰ ਬਰਾਂਚ ਨਾਲ ਸਬੰਧਤ ਜੰਗਲਾਤ ਵਿਭਾਗ ਨਾਲ ਕੋਈ ਦਰਖੱਤਾਂ ਦਾ ਝਗੜਾ ਸੀ, ਕੀ ਉਹ ਸਾਰਾ ਹੱਲ ਕਰਕੇ ਇਸ ਨੂੰ ਉਸੇ ਚੌੜਾਈ ਦੇ ਰੂਪ ਵਿਚ ਬਣਾਇਆ ਜਾ ਰਿਹਾ ਹੈ ਜਾਂ ਇਸ ਨੂੰ ਛੋਟਾ ਕਰ ਦਿੱਤਾ ਗਿਆ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਕੋਲ ਇਸ ਦੀ ਸਾਰੀ ਰੂਪ-ਰੇਖਾ ਕੱਲ੍ਹ ਤੱਕ ਪਹੁੰਚਦੀ

ਕਰ ਦਿਆਂਗਾ ਕਿ ਕੀ ਉੱਥੇ ਦਰੱਖਤ ਹਟਾ ਕੇ ਕੰਮ ਕੀਤਾ ਜਾ ਰਿਹਾ ਹੈ ਜਾਂ ਨਹੀਂ। ਮੈਂ ਕੱਲ੍ਹ ਤੱਕ ਤੁਹਾਨੂੰ ਇਸ ਦੀ ਪਰਾਪਰ ਮਈਅਰਮੈਂਟ ਦਾ ਹਿਸਾਬ ਦੇ ਦਿਆਂਗਾ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ**: ਸਪੀਕਰ ਸਾਹਿਬ, ਮੰਤਰੀ ਸਾਹਿਬ ਕੋਲ ਨਵਾਂ ਨਵਾਂ ਇਹ ਮਹਿਕਮਾ ਆਇਆ ਹੈ। ਸ਼ਾਇਦ ਇਨ੍ਹਾਂ ਨੂੰ ਪੂਰੀ ਜਾਣਕਾਰੀ ਨਹੀਂ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੰਗਲਾਤ ਵਿਭਾਗ ਨਾਲ ਨਹਿਰਾਂ ਦਾ ਮਸਲਾ ਬਹੁਤ ਵੱਡਾ ਹੈ ਕਿਉਂਕਿ ਨਹਿਰਾਂ ਦੇ ਕਿਨਾਰੇ ਆਮ ਦਰੱਖਤ ਬਹੁਤ ਹੋ ਜਾਂਦੇ ਹਨ ਅਤੇ ਜੰਗਲਾਤ ਵਿਭਾਗ ਉਨ੍ਹਾਂ ਤੇ ਆਪਣੇ ਨੰਬਰ ਲਗਾ ਦਿੰਦਾ ਹੈ ਅਤੇ ਜਦੋਂ ਨਹਿਰਾਂ ਦੀ ਲਾਈਨਿੰਗ ਕਰਨੀ ਪੈਂਦੀ ਹੈ ਤਾਂ ਬੜੀ ਦਿੱਕਤ ਆਉਂਦੀ ਹੈ। ਸੋ, ਮੇਰੀ ਜਾਣਕਾਰੀ ਮੁਤਾਬਿਕ ਲਾਹੌਰ ਬਰਾਂਚ ਨੂੰ ਛੋਟਾ ਕਰ ਦਿੱਤਾ ਗਿਆ ਹੈ। ਸੋ, ਕ੍ਰਿਪਾ ਕਰਕੇ ਜੰਗਲਾਤ ਵਿਭਾਗ ਨਾਲ ਗੱਲਬਾਤ ਕਰਕੇ ਇਸ ਨੂੰ ਪੂਰੀ ਚੌੜਾਈ ਵਿਚ ਬਣਾਇਆ ਜਾਵੇ ਕਿਉਂਕਿ ਉਹ ਪਿੱਛੋਂ ਵੀ ਚੌੜੀ ਹੈ ਅਤੇ ਅੱਗੋਂ ਵੀ ਚੌੜੀ ਹੈ ਕੇਵਲ ਵਿਚਕਾਰੋਂ ਛੋਟੀ ਹੋ ਜਾਣੀ ਹੈ। ਫਿਰ ਇਸ ਵਿਚ ਪਾਣੀ ਕਿਸ ਤਰ੍ਹਾਂ ਜਾਵੇਗਾ ਜੀ?

**ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਅਜਿਹੀ ਕੋਈ ਸਮੱਸਿਆ ਨਹੀਂ ਆਉਣੀ ਕਿਉਂਕਿ ਜਿਹੜੇ ਜਲ ਸਰੋਤ ਵਿਭਾਗ ਦੇ ਸਕੱਤਰ ਹਨ, ਉਹ ਸ੍ਰੀ ਕ੍ਰਿਸ਼ਨ ਕੁਮਾਰ ਜੀ ਹਨ ਅਤੇ ਜੰਗਲਾਤ ਵਿਭਾਗ ਦੇ ਸਕੱਤਰ ਵੀ ਉਹੀ ਹਨ। ਸੋ, ਇਸ ਕਰਕੇ ਇਹ ਮਸਲਾ ਹੱਲ ਹੋ ਜਾਵੇਗਾ, ਇਹ ਕੋਈ ਵੱਡਾ ਮਸਲਾ ਨਹੀਂ ਹੈ। ਅਸੀਂ ਜ਼ਿਆਦਾ ਤਾਂ ਨਹਿਰ ਨੂੰ ਵਧਾ ਨਹੀਂ ਸਕਦੇ, ਜਿੰਨਾ ਵੀ ਸਹੀ ਤਰੀਕੇ ਨਾਲ ਹੋ ਸਕੇਗਾ, ਅਸੀਂ ਕਰਾਂਗੇ।

**ਮਾਣਯੋਗ ਸਪੀਕਰ**: ਕਿਸੇ ਟੈਕਨੀਕਲ ਸਹਾਇਕ ਨੂੰ ਮੈਂਬਰ ਸਾਹਿਬ ਕੋਲ ਭੇਜਿਆ ਜਾਵੇ ਜੀ, ਇਨ੍ਹਾਂ ਦੇ ਸਵਾਲ ਦਾ ਜਵਾਬ ਅੱਪਲੋਡ ਨਹੀਂ ਹੋਇਆ ਹੈ ਜੀ।

------

## ਸਰਕਾਰ ਵੱਲੋਂ ਮੈਕਸ ਹਸਪਤਾਲ ਨੂੰ ਜ਼ਮੀਨ ਅਲਾਟ ਕਰਨ ਸਮੇਂ ਤੈਅ ਹੋਈਆਂ ਸ਼ਰਤਾਂ ਅਨੁਸਾਰ ਅਦਾ ਕੀਤੀ ਜਾਣ ਵਾਲੀ ਰਾਸ਼ੀ ਦੇ ਵੇਰਵੇ

***962. ਸਰਦਾਰ ਕੁਲਵੰਤ ਸਿੰਘ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਮੈਕਸ ਹਸਪਤਾਲ, ਫੇਜ਼ 6 ਐਸ.ਏ.ਐਸ. ਨਗਰ (ਮੋਹਾਲੀ) ਨੂੰ ਹਸਪਤਾਲ ਦੀ ਉਸਾਰੀ ਲਈ ਜ਼ਮੀਨ ਕੁਝ ਸ਼ਰਤਾਂ ਜਿਵੇਂ ਕਿ ਇਸ ਹਸਪਤਾਲ ਦੇ ਚਾਲੂ ਹੋਣ ਉਪਰੰਤ ਇਸ ਹਸਪਤਾਲ ਨੂੰ ਮਰੀਜ਼ਾਂ ਜਾਂ ਹੋਰ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਰਾਸ਼ੀ ਦਾ ਕੁਝ ਹਿੱਸਾ ਸਰਕਾਰ ਨੂੰ ਦੇਣ ਦੇ ਆਧਾਰ ਤੇ ਦਿੱਤੀ ਗਈ ਸੀ; ਕੀ ਸ਼ਰਤਾਂ ਮੁਤਾਬਿਕ ਇਸ ਹਸਪਤਾਲ ਵੱਲੋਂ ਬਣਦੀ ਰਾਸ਼ੀ ਸਰਕਾਰ ਨੂੰ ਦਿੱਤੀ ਜਾ ਰਹੀ ਹੈ; ਜੇਕਰ ਹਾਂ ਤਾਂ ਇਸ ਤਰ੍ਹਾਂ ਹੁਣ ਤੱਕ ਕਿੰਨੀ ਰਾਸ਼ੀ ਸਰਕਾਰ ਨੂੰ ਪ੍ਰਾਪਤ ਹੋਈ ਹੈ ਅਤੇ ਉਹ ਰਾਸ਼ੀ ਕਿਸ ਮਕਸਦ ਲਈ ਖਰਚ ਕੀਤੀ

ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ:** ਹਾਂ ਜੀ, ਸਰਕਾਰ ਨੇ ਮੈਕਸ ਹਸਪਤਾਲ, ਫੇਜ਼-6 ਐਸ.ਏ.ਐਸ. ਨਗਰ (ਮੋਹਾਲੀ) ਨੂੰ ਮਨਜ਼ੂਰੀ ਦਿੱਤੀ ਹੋਈ ਹੈ। ਹਾਂ ਜੀ, ਇਸ ਹਸਪਤਾਲ ਵੱਲੋਂ ਬਕਾਇਆ ਰਾਸ਼ੀ ਸ਼ਰਤਾਂ ਅਨੁਸਾਰ ਸਰਕਾਰ ਨੂੰ ਦਿੱਤੀ ਜਾ ਰਹੀ ਹੈ। ਇਸ ਹਸਪਤਾਲ ਤੋਂ ਹੁਣ ਤੱਕ 138.05 ਕਰੋੜ ਰੁਪਏ ਪ੍ਰਾਪਤ ਹੋਏ ਹਨ ਅਤੇ ਇਸ ਰਾਸ਼ੀ ਨੂੰ ਸਿਹਤ ਸੰਭਾਲ ਸੇਵਾਵਾਂ ਲਈ ਵਰਤਿਆ ਗਿਆ ਹੈ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ 138 ਕਰੋੜ ਰੁਪਿਆ ਮੈਕਸ ਹਸਪਤਾਲ ਤੋਂ ਵਸੂਲਿਆ ਗਿਆ ਹੈ ਕਿਉਂਕਿ

**1005/harpreet singh/Abhishek gautam**

**1010/amandeep kaur**

ਜਿਹੜੀ ਮੈਕਸ ਹਸਪਤਾਲ ਦੀ ਜ਼ਮੀਨ ਹੈ, ਇਹ ਜ਼ਮੀਨ ਉਸ ਨੂੰ ਮੋਹਾਲੀ ਦੇ ਸਰਕਾਰੀ ਹਸਪਤਾਲ ਦਾ ਪਾਰਟ ਕੱਟ ਕੇ ਦਿੱਤੀ ਗਈ ਸੀ ਅਤੇ ਕੁਝ ਸ਼ਰਤਾਂ ਦੇ ਸਮੇਤ ਦਿੱਤੀ ਗਈ ਸੀ। ਮੰਤਰੀ ਜੀ ਨੇ ਜ਼ਿਕਰ ਕੀਤਾ ਹੈ ਕਿ ਮੈਕਸ ਹਸਪਤਾਲ ਨੇ 138 ਕਰੋੜ ਰੁਪਏ ਜਮ੍ਹਾਂ ਕਰਵਾਇਆ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਇਹ ਦੱਸਿਆ ਜਾਵੇ ਕਿ ਜੇਕਰ ਉਹ ਪੈਸਾ ਜਮ੍ਹਾਂ ਹੋਇਆ ਹੈ ਤਾਂ ਕਿਸ ਹੈੱਡ ਵਿੱਚ ਜਮ੍ਹਾਂ ਹੋਇਆ ਹੈ ਤੇ ਕਿੱਥੇ ਖਰਚਿਆ ਗਿਆ ਹੈ ਪਰ ਇਸ ਸਵਾਲ ਨੂੰ ਛੋਟਾ ਕਰ ਦਿੱਤਾ ਗਿਆ, ਸਿਰਫ ਇਹ ਹੀ ਦੱਸਿਆ ਗਿਆ ਕਿ 138 ਕਰੋੜ ਰੁਪਿਆ ਆਇਆ ਤੇ ਹੈਲਥ ਵਾਸਤੇ ਖਰਚ ਦਿੱਤਾ ਗਿਆ। ਇਸ ਦੀ ਡਿਟੇਲ ਨਹੀਂ ਦਿੱਤੀ ਗਈ, ਇਹ ਨਹੀਂ ਦੱਸਿਆ ਗਿਆ ਕਿ ਇਹ ਪੈਸਾ ਕਿੱਥੇ ਖਰਚਿਆ ਜਾਣਾ ਸੀ ਪ੍ਰੰਤੂ ਖਰਚਿਆ ਕਿੱਥੇ ਗਿਆ? ਕਿਉਂਕਿ ਮੋਹਾਲੀ ਦਾ ਹਸਪਤਾਲ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪੈਸਾ ਮੋਹਾਲੀ ਦੇ ਹੀ ਕਿਸੇ ਹਸਪਤਾਲ ਲਈ ਲੱਗਿਆ ਹੈ ? ਕੀ ਉਹ ਪੈਸਾ ਮੋਹਾਲੀ ਦੀ ਭਲਾਈ ਲਈ ਹੀ ਲੱਗਿਆ ਹੈ ਜਾਂ ਫਿਰ ਹੋਰ ਕਿਸੇ ਜਗ੍ਹਾ ਤੇ ਲਗਾ ਦਿੱਤਾ ਗਿਆ? ਕੀ ਮੰਤਰੀ ਜੀ ਮੈਨੂੰ ਦੱਸਣ ਦੀ ਖੇਚਲ ਕਰਨਗੇ?

**ਮਾਣਯੋਗ ਸਪੀਕਰ:** ਮੰਤਰੀ ਜੀ, ਇਹ ਬੜਾ ਵੱਡਾ ਇਸ਼ੂ ਹੈ। ਪ੍ਰਾਈਵੇਟ ਹਸਪਤਾਲ ਰਿਆਇਤਾਂ ਲੈ ਕੇ ਬਣ ਜਾਂਦੇ ਹਨ ਪਰ ਜਦੋਂ ਇਲਾਜ ਕਰਨਾ ਹੁੰਦਾ ਹੈ ਅਤੇ ਜਿੱਥੇ ਰਿਆਇਤ ਦੇਣੀ ਬਣਦੀ ਹੈ, ਉਹ ਫਿਰ ਰਿਆਇਤ ਦਿੰਦੇ ਨਹੀਂ ਹਨ। ਕਿਰਪਾ ਕਰਕੇ ਇਸ ਦੀ ਡਿਟੇਲ ਦਿਓ।

**ਮੰਤਰੀ:** ਸਪੀਕਰ ਸਾਹਿਬ, ਮੈਂ ਸਾਰੀ ਡਿਟੇਲ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਲ 2009 ਦੇ ਵਿੱਚ 3.1 ਏਕੜ ਜ਼ਮੀਨ ਉਸ ਹਸਪਤਾਲ ਨੂੰ ਦਿੱਤੀ ਗਈ ਸੀ ਤੇ ਇਸ ਦੇ ਵਾਸਤੇ ਉਨ੍ਹਾਂ ਨਾਲ

ਇੱਕ ਕਨਸੈਸ਼ਨ ਐਗਰੀਮੈਂਟ ਹੋਇਆ ਸੀ, ਜਿਸ ਦੇ ਤਹਿਤ ਉਨ੍ਹਾਂ ਨੇ 4 ਕਰੋੜ 73 ਲੱਖ ਰੁਪਿਆ ਅਪਫਰੰਟ ਤੇ 5% ਨਾਲ ਇੱਕ Escrow Account ਸਿਵਲ ਸਰਜਨ, ਮੋਹਾਲੀ ਦੇ ਨਾਲ ਖੋਲ੍ਹਿਆ ਸੀ ਕਿ ਜਿੰਨੀ ਉਨ੍ਹਾਂ ਕੋਲ ਟੋਟਲ ਰਿਸੀਟ ਹੋਏਗੀ, ਉਸ ਦਾ 5% Escrow Account ਵਿੱਚ ਜਾਏਗਾ। ਤਕਰੀਬਨ 15-18 ਕਰੋੜ ਰੁਪਿਆ ਹਰ ਸਾਲ ਸਾਨੂੰ ਮਿਲਦਾ ਹੈ। ਇਹ ਉਸ ਵੇਲੇ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਉਸ ਪੈਸੇ ਦੀ ਯੂਟੀਲਾਈਜ਼ੇਸ਼ਨ ਕਿਸ ਤਰ੍ਹਾਂ ਕਰਨੀ ਹੈ, ਇਸ ਦੇ ਵਾਸਤੇ ਪ੍ਰਿੰਸੀਪਲ ਸੈਕਟਰੀ, ਹੈਲਥ ਐਂਡ ਫੈਮਿਲੀ ਦੇ ਨੀਚੇ ਕਮੇਟੀ ਬਣਾਈ ਗਈ ਹੈ। ਮੈਂ ਐਮ.ਐਲ.ਏ ਸਾਹਿਬ ਨੂੰ list of core works provide ਕਰਵਾ ਦਿਆਂਗਾ ਜਿਸ ਦੇ ਵਿੱਚ ਇਹ ਦੱਸਿਆ ਗਿਆ ਹੈ ਕਿ ਅਸੀਂ ਇਸ ਪੈਸੇ ਨਾਲ ਕਿੱਥੇ ਹਸਪਤਾਲ ਬਣਾ ਰਹੇ ਹਾਂ, ਜਾਂ ਜਿੱਥੇ ਕਿਤੇ ਪੈਸੇ ਦੀ ਕੋਈ ਲੋੜ ਹੈ, ਉਥੇ ਕੁਝ ਅਪਗਰੇਡ ਕਰ ਰਹੇ ਹਾਂ, ਇਹ ਤਕਰੀਬਨ 36 ਪੀ.ਐਚ.ਸੀਜ਼ ਅਤੇ 29 ਹਸਪਤਾਲ ਹਨ, ਇਨ੍ਹਾਂ ਦੇ ਵਿੱਚ ਸਿਵਲ ਵਰਕਸ ਕਰਵਾਏ ਗਏ ਹਨ, ਦਵਾਈਆਂ ਖਰੀਦੀਆਂ ਗਈਆਂ ਹਨ, ਬਿਜਲੀ ਦੇ ਪੈਂਡਿੰਗ ਬਿਲ ਕਲੀਅਰ ਕੀਤੇ ਗਏ ਹਨ, ਉਸ ਵਿੱਚ ਕੁੱਲ 13 ਕਰੋੜ 24 ਲੱਖ ਰੁਪਿਆ ਖਰਚਿਆ ਗਿਆ ਹੈ। ਅਸੀਂ ਮਾਤਾ ਕੁਸ਼ੱਲਿਆ ਹਸਪਤਾਲ ਨੂੰ ਵੀ ਅੱਪਗਰੇਡ ਕੀਤਾ ਹੈ । ਮੋਹਾਲੀ ਦੇ ਵਿੱਚ ਇੰਟੈਂਸਿਵ ਕੇਅਰ ਯੂਨਿਟ ਤੇ ਯੂਟੀਲਾਈਜ਼ ਕੀਤਾ ਗਿਆ ਹੈ। ਕਿਸੇ ਵੀ ਹਸਪਾਤਲ ਦੇ ਵਿੱਚ ਜਿਹੜੀ ਗੈਪ ਫੰਡਿੰਗ ਹੈ, ਕੋਈ ਬਿਲਡਿੰਗ ਕੰਪਲੀਟ ਕਰਨੀ ਹੈ, ਮੇਰੇ ਕੋਲ ਉਸ ਬਾਰੇ ਕੰਪਲੀਟ ਲਿਸਟ ਹੈ ਜੋ ਕਿ ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੇ ਦਿਆਂਗਾ। We will provide them the full information. ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਨ ਸਰਕਾਰ ਦੀ ਪਾਲਿਸੀ ਤਹਿਤ ਵਰਕਿੰਗ ਟੋਟਲੀ ਟਰਾਂਸਪੇਰੈਂਟ ਹੈ।

**ਸਰਦਾਰ ਕੁਲਵੰਤ ਸਿੰਘ:** ਮੈਂ ਮੰਤਰੀ ਜੀ ਨੂੰ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ 138 ਕਰੋੜ ਰੁਪਏ ਵਿੱਚੋਂ ਕਿੰਨਾ ਪੈਸਾ ਖਰਚਿਆ ਗਿਆ ਹੈ, ਕੀ ਸਾਰਾ ਹੀ ਪੈਸਾ ਖਰਚ ਲਿਆ ਗਿਆ ਹੈ ਜਾਂ ਉਸ ਵਿੱਚੋਂ ਸਿਰਫ 13 ਕਰੋੜ ਰੁਪਿਆ ਹੀ ਖਰਚਿਆ ਗਿਆ ਹੈ?

**ਮੰਤਰੀ:** ਸਪੀਕਰ ਸਾਹਿਬ, ਮੇਰੇ ਕੋਲ ਸਾਰੀ ਡਿਟੇਲ ਹੈ। ਮੈਨੂੰ ਮੈਂਬਰ ਸਾਹਿਬ ਮਿਲ ਲੈਣ। ਮੈਂ ਅਲੱਗ ਅਲੱਗ ਹੈੱਡਸ ਤਹਿਤ ਦੱਸ ਦਿਆਂਗਾ ਕਿ ਦਵਾਈਆਂ ਵਾਸਤੇ ਕਿੰਨਾ ਖਰਚਿਆ, ਬਿਲਡਿੰਗ ਵਾਸਤੇ ਕਿੰਨਾ ਖਰਚਿਆ, ਬਿਜਲੀ ਵਾਸਤੇ ਕਿੰਨਾ ਖਰਚਿਆ, ਮੈਂ ਸਾਰੀ ਡਿਟੇਲ ਇਨ੍ਹਾਂ ਨੂੰ ਪ੍ਰੋਵਾਈਡ ਕਰਵਾ ਦਿਆਂਗਾ। ਸਾਡੀ ਕਮੇਟੀ ਪੂਰੀ ਗਾਈਡਲਾਈਨਜ਼ ਫਾਲੋ ਕਰਦੀ ਹੈ। ਮੈਂ ਐਮ.ਐਲ.ਏ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਸੈਸ਼ਨ ਤੋਂ ਬਾਅਦ ਮੈਨੂੰ ਮੇਰੇ ਕਮਰੇ ਵਿੱਚ ਮਿਲ ਲੈਣ we will provide full detailed information. ਸਾਡੀ ਮਾਨ ਸਾਹਿਬ ਸਰਕਾਰ ਦੀ ਪਾਲਿਸੀ ਅਤੇ ਵਰਕਿੰਗ ਟੋਟਲੀ ਟਰਾਂਸਪੇਰੈਂਟ ਹੈ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਇੱਕ ਬੇਨਤੀ ਹੋਰ ਹੈ, ਐਗਰੀਮੈਂਟ ਤਹਿਤ ਜਿਹੜੀਆਂ ਸ਼ਰਤਾਂ ਸਨ, ਉਸ ਦੇ ਵਿੱਚ ਗਰੀਬਾਂ ਦਾ ਵੀ ਫਰੀ ਇਲਾਜ ਕਰਨਾ ਸੀ, ਕੀ ਉਸ ਬਾਰੇ ਵੀ ਕੁਝ ਕੀਤਾ ਹੈ? ਮੰਤਰੀ ਜੀ, ਮੈਨੂੰ ਇਸ ਸਬੰਧੀ ਵੀ ਇਨਫਰਮੇਸ਼ਨ ਪ੍ਰੋਵਾਈਡ ਕਰਵਾ ਦੇਣ ਤਾਂ ਮੈਂ ਇਨ੍ਹਾਂ ਦਾ ਬੜਾ ਧੰਨਵਾਦੀ ਹੋਵਾਂਗਾ।

**ਮੰਤਰੀ** : ਸਪੀਕਰ ਸਾਹਿਬ, ਮੈਂ ਸਾਰੀ ਇਨਫਰਮੇਸ਼ਨ, ਜਿੰਨੀ ਵੀ ਇਸ ਪ੍ਰਸ਼ਨ ਨਾਲ ਸਬੰਧਤ ਹੈ, ਦੇ ਦਿਆਂਗਾ। ਕੰਸੈਸ਼ਨ ਐਗਰੀਮੈਂਟ ਇਸ ਦਾ ਪਾਰਟ ਨਹੀਂ ਸੀ ਕਿ ਉਹ ਪੇਸ਼ੈਂਟਸ ਨੂੰ ਫਰੀ ਟਰੀਟ ਕਰਨਗੇ, ਇਹ ਤਾਂ ਉਸ ਵੇਲੇ ਦੀ ਜੋ ਸਰਕਾਰ ਸੀ, ਉਸ ਨੇ ਐਡ ਕਰਨਾ ਹੁੰਦਾ ਹੈ । ਹੁਣ ਮਾਨ ਸਰਕਾਰ ਇਹ ਸਾਰੀਆਂ ਕੰਡੀਸ਼ਨਜ਼ ਪਾ ਰਹੀ ਹੈ ਅਤੇ ਪੇਸ਼ੈਂਟਸ ਨੂੰ ਪ੍ਰਾਇਰਿਟੀ ਦਿੱਤੀ ਜਾਵੇਗੀ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਮਿਲ ਲੈਣ, ਮੈਂ ਪੂਰੀ ਇਨਫਰਮੇਸ਼ਨ ਉਨ੍ਹਾਂ ਨੂੰ ਅਵੇਲੇਬਲ ਕਰਵਾ ਦਿਆਂਗਾ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ. 1056

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

**1010/amandeep kaur/ Harjinder singh**

**1015/Tarlochan Singh**

## ਜਾਅਲੀ ਐਸ.ਸੀ ਸ਼੍ਰੇਣੀ ਦੇ ਸਰਟੀਫਿਕੇਟ ਵਾਲੇ ਵਿਅਕਤੀਆਂ ਨੂੰ ਫੜ੍ਹਨ ਲਈ ਵਿਸ਼ੇਸ਼ ਟੀਮ ਬਣਾਉਣਾ

***977. ਸ਼੍ਰੀ ਅਮਿਤ ਰਤਨ ਕੋਟਫੱਤਾ**: -ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਾਅਲੀ ਐਸ.ਸੀ ਸ਼੍ਰੇਣੀ ਦੇ ਸਰਟੀਫਿਕੇਟ ਵਾਲੇ ਵਿਅਕਤੀਆਂ/ਸਰਕਾਰੀ ਕਰਮਚਾਰੀਆਂ ਨੂੰ ਫੜ੍ਹਨ ਲਈ ਕੋਈ ਵਿਸ਼ੇਸ਼ ਜਾਚ ਟੀਮ ਬਣਾਈ ਗਈ ਹੈ; ਕੀ ਵਿਭਾਗ ਨੇ ਜਾਅਲੀ ਸਰਟੀਫਿਕੇਟਾਂ ਤੇ ਸਰਕਾਰੀ ਨੌਕਰੀ ਕਰਨ ਵਾਲਿਆਂ ਲਈ ਕੋਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ; ਕੀ ਜਾਅਲੀ ਐਸ.ਸੀ./ਐਸ.ਟੀ./ਬੀ.ਸੀ. ਸਰਟੀਫਿਕੇਟ ਵਾਲੇ ਅਜਿਹੇ ਸਰਕਾਰੀ ਅਧਿਕਾਰੀਆਂ ਦੇ ਮਾਮਲਿਆ ਦੀ ਜਾਂਚ ਕਰਨ ਵਾਲੀ ਜਾਂਚ ਏਜੰਸੀ ਨੂੰ ਕੋਈ ਸਮਾਂ ਸੀਮਾ ਦਿੱਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ** : ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾਉਣ ਵਾਲੇ ਵਿਅਕਤੀਆਂ ਦੀ ਪੜਤਾਲ ਕਰਨ ਲਈ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ''ਮਿਤੀ 2-09-1994 delivered in Civil Appeal No.5854 of 1994 (arising out of SLP (Civil)No 14767 of 1993)-Kumari Madhuri Patil and others V/s Additional Commissioner, Tribal Development and others (AIR 1995 Supreme Court 1994)" ਰਾਹੀਂ ਪੰਜਾਬ ਸਰਕਾਰ, ਭਲਾਈ ਵਿਭਾਗ (ਰਿਜ਼ਰਵੇਸ਼ਨ ਸੈੱਲ) ਵੱਲੋਂ ਜਾਰੀ ਹਦਾਇਤਾਂ ਨੰ: 9/12/2003-RC-1/1615, ਮਿਤੀ 10-12-2004 ਰਾਹੀਂ ਹੇਠ ਲਿਖੇ ਅਨੁਸਾਰ ਕਮੇਟੀਆਂ ਬਣੀਆ ਹੋਈਆਂ ਹਨ:-

ਵਿਜੀਲੈਂਸ ਸੈੱਲ:-

1. Director, In-charge of Vigilance Cell

Welfare of Sheduled castes and

Backward Classes, Punjab

2. Joint Director, Member

Welfare of Scheduled castes and

Backward Classes, Punjab.

3. District Welfare Officer Member

of the district concerned

ਇਹ ਸੈੱਲ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਦੀ ਪੜਤਾਲ ਕਰਕੇ ਕਾਰਵਾਈ ਰਿਪੋਰਟ ਸਟੇਟ ਲੈਵਲ ਸਕਰੂਟਨੀ ਕਮੇਟੀ ਨੂੰ ਭੇਜਦਾ ਹੈ।

ਰਾਜ ਪੱਧਰੀ ਸਕਰੂਟਨੀ ਕਮੇਟੀ

1. Special/Additional/Joint/Secretary Chairperson

Welfare of Scheduled castes and

Backward Classes, Punjab

2. Director/Additional Director, Convener-Member
   Welfare of Scheduled castes and
   Backward Classes, Punjab

3. An IAS/P.C.S Officer of Member

the Revenue Department not
below the rank of Joint Secretary
to Govt of Punjab

ਇਸ ਕਮੇਟੀ ਵੱਲੋ ਵਿਜੀਲੈਂਸ ਸੈੱਲ ਤੋ ਪ੍ਰਾਪਤ ਰਿਪੋਰਟ ਨੂੰ ਵਿਚਾਰਨ ਉਪਰੰਤ ਅਗਲੇਰੀ ਕਾਰਵਾਈ ਕਰਦੀ ਹੈ।

ਜਾਅਲੀ ਸਰਟੀਫਿਕੇਟਾਂ ਤੇ ਸਰਕਾਰੀ ਨੌਕਰੀ ਹਾਸਲ ਕਰਨ ਵਾਲਿਆਂ ਦੇ ਖਿਲਾਫ ਵਿਭਾਗ ਵੱਲੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।ਉਕਤ ਹਦਾਇਤਾਂ ਦੇ ਪੈਰ੍ਹਾ ਨੰ: 2(vi) ਅਨੁਸਾਰ " As soon as the finding is recorded by the Scrutiny Committee holding that the certificate obtained was false, on its cancellation and confiscation simultaneously, it should be communicated to the concerned Educational Institution or the Appointing Authority by registered post with Acknowledgment Due, with the request to cancel the admission or the appointment. The Principal etc. of the Educational Institution responsible for making the admission or the Appointing Authority should cancel the admission/appointment without any further notice to the candidate and debar the candidate for further study or to continue in office in the post. ਸਕਰੂਟਨੀ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਜਾਅਲੀ ਸਰਟੀਫਿਕੇਟ ਦੇ ਅਧਾਰ ਤੇ ਨੌਕਰੀ ਕਰਨ ਵਾਲੇ ਵਿਅਕਤੀ ਦੀ ਨਿਯੁਕਤੀ ਰੱਦ ਕਰਨ ਲਈ ਸਬੰਧਤ ਵਿਭਾਗ ਨੂੰ ਲਿਖ ਦਿੱਤਾ ਜਾਂਦਾ ਹੈ।

ਜਾਅਲੀ ਐਸ.ਸੀ/ਬੀਸੀ ਸਰਟੀਫਿਕੇਟ ਬਣਾਉਣ ਵਾਲੇ ਵਿਅਕਤੀਆਂ ਦੀ ਵਿਜੀਲੈਂਸ ਸੈੱਲ ਦੁਆਰਾ ਪੜਤਾਲ ਕਰਨ ਲਈ ਸਮਾਂ ਸੀਮਾ ਪੰਜਾਬ ਸਰਕਾਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ (ਰਿਜਰਵੇਸ਼ਨ ਸੈੱਲ) ਵੱਲੋ ਜਾਰੀ ਹਦਾਇਤਾਂ ਨੰ: : 9/12/2003-RC1/542, ਮਿਤੀ 3-08-2020 ਦੇ ਪੈਰਾ ਨੰ 2(iii) ਅਨੁਸਾਰ..... The Vigilance Cell shall decide the complaint and complete the proceedings not more than forty five days ਅਤੇ ਸਕਰੂਟਨੀ ਕਮੇਟੀ ਦੁਆਰਾ ਪੜਤਾਲ ਕਰਨ ਲਈ ਸਮਾ ਸੀਮਾ ਨਿਰਧਾਰਤ ਕਰਨ ਲਈ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ (ਰਿਜ਼ਰਵੇਸ਼ਨ

ਸੈੱਲ) ਵੱਲੋਂ ਜਾਰੀ ਹਦਾਇਤਾਂ ਨੰ: 9/12/2003-RC1/548, ਮਿਤੀ 3-08-2020 ਦੇ ਪੈਰਾ ਨੰ: 2(iv) ਅਨੁਸਾਰ "The inquiry should be completed as expeditiously as possible preferably by day to day proceeding with in such period not exceeding one months from the receipt of report of Vigilance Cell ........"

ਜ਼ਿਲ੍ਹਾ ਭਲਾਈ ਅਫ਼ਸਰ ਰਿਪੋਰਟ ਤਿਆਰ ਕਰਕੇ ਵਿਜੀਲੈਂਸ ਸੈੱਲ ਨੂੰ ਭੇਜਦੇ ਹਨ, ਉਥੇ ਇਨਕੁਆਰੀ/ਜਾਂਚ ਕੀਤੀ ਜਾਂਦੀ ਹੈ। ਜੇਕਰ ਜਾਅਲੀ ਸਰਟੀਫਿਕੇਟ ਪਾਇਆ ਜਾਂਦਾ ਹੈ ਤਾਂ ਐਜੂਕੇਸ਼ਨਲ ਇੰਸਟੀਚਿਊਟ, ਜਿੱਥੇ ਕੋਈ ਗਲਤ ਐਡਮਿਸ਼ਨ ਲਈ ਗਈ, ਗਲਤ ਨੌਕਰੀ ਲਈ ਗਈ, ਉਨ੍ਹਾਂ ਨੂੰ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਐਡਮਿਸ਼ਨ ਕੈਂਸਲ ਕੀਤੀ ਜਾਂਦੀ ਹੈ, ਅਪੁਆਇੰਟਮੈਂਟ ਕੈਂਸਲ ਕੀਤੀ ਜਾਂਦੀ ਹੈ, ਅਤੇ ਇਹ ਸਭ ਬਿਨਾ ਕਿਸੇ ਨੋਟਿਸ ਦੇ ਕੀਤੀ ਜਾਂਦੀ ਹੈ।

ਇਸ ਸਬੰਧੀ ਪੁੱਛਿਆ ਗਿਆ ਸੀ ਕਿ ਕਿੰਨੇ ਸਮੇਂ ਵਿੱਚ ਇਹ ਕਾਰਵਾਈ ਕੀਤੀ ਜਾਂਦੀ ਹੈ। ਸੋ, ਕੇਸ ਨਿਪਟਾਉਣ ਲਈ ਜ਼ਿਲ੍ਹਾ ਭਲਾਈ ਅਫ਼ਸਰ ਲਈ 1 ਮਹੀਨਾ, ਵਿਜੀਲੈਂਸ ਸੈੱਲ ਲਈ 45 ਦਿਨ ਦਾ ਸਮਾਂ ਅਤੇ ਸਕਰੂਟਿਨੀ ਕਮੇਟੀ ਲਈ 1 ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ।

**ਸ੍ਰੀ ਅਮਿਤ ਰਤਨ ਕੋਟਫੱਤਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੋਈ SIT ਬਣਾ ਕੇ ਅਜਿਹੇ ਕੇਸਾਂ ਨੂੰ, ਜਿਨ੍ਹਾਂ ਵਿੱਚ ਲੋਕਾਂ ਨੇ ਐਸ.ਸੀ. ਸਰਟੀਫਿਕੇਟ ਦਾ ਗਲਤ ਫਾਇਦਾ ਲਿਆ ਹੈ, ਉਨ੍ਹਾਂ ਸਬੰਧੀ special SIT ਬਣਾਈ ਜਾਵੇ ਅਤੇ ਐਕਸ਼ਨ ਲਿਆ ਜਾਵੇ। ਸਾਡੀ ਸਰਕਾਰ ਦਲਿਤਾਂ ਦੇ ਹੱਕ ਵਿੱਚ ਬਹੁਤ ਕੰਮ ਕਰ ਰਹੀ ਹੈ। ਵਿਧਾਨ ਸਭਾ ਦੀ ਐਸ.ਸੀ. ਵੈਲਫੇਅਰ ਕਮੇਟੀ ਵਿੱਚ ਵੀ ਅਸੀਂ ਕਈ ਮੁੱਦੇ ਚੁੱਕੇ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੰਤਰੀ ਸਾਹਿਬ ਦੱਸਣ ਕਿ ਕਦੋਂ ਤੱਕ ਇਸ ਸਬੰਧੀ SIT ਬਣਾ ਕੇ ਇਸ ਕੰਮ ਨੂੰ ਕਨਕਲੂਡ ਕੀਤਾ ਜਾਵੇਗਾ?

**ਮਾਣਯੋਗ ਸਪੀਕਰ** : ਮੰਤਰੀ ਜੀ ਇਨ੍ਹਾਂ ਨੇ ਵੱਖਰੀ Special SIT ਅਤੇ ਟਾਈਮ ਫਰੇਮ ਦੀ ਗੱਲ ਪੁੱਛੀ ਹੈ।

**ਮੰਤਰੀ** : ਆਨਰੇਬਲ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਵਿਜੀਲੈਂਸ ਸੈੱਲ ਅਤੇ ਸਕਰੂਟਿਨੀ ਕਮੇਟੀ ਆਪਣੇ ਲੈਵਲ ਤੇ ਬਹੁਤ ਵਧੀਆ ਕੰਮ ਕਰ ਸਕਦੇ ਹਨ। ਅਸੀਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਪਰੈਲ 2023 ਵਿੱਚ ਕੰਮ ਸ਼ੁਰੂ ਕੀਤਾ ਸੀ ਅਤੇ 23 ਸਰਟੀਫਿਕੇਟ ਕੈਂਸਲ ਕੀਤੇ ਹਨ ਅਤੇ ਐਫ.ਆਈ.ਆਰ. ਵੀ ਕੀਤੀਆਂ ਹਨ। ਪਰ ਦੁੱਖ ਦੀ ਗੱਲ ਹੈ ਇਸ ਤੋਂ

ਪਹਿਲਾਂ ਕੀ ਹੋਇਆ ਸੀ ਕਿ ਪਿਛਲੀ ਸਰਕਾਰ ਦੌਰਾਨ ਸਿਰਫ 7 ਸਰਟੀਫਿਕੇਟ ਹੀ ਕੈਂਸਲ ਕੀਤੇ ਗਏ ਸਨ। ਸੋ ਕੰਪੈਰਿਜ਼ਨ ਕੀਤਾ ਜਾ ਸਕਦਾ ਹੈ। ਉਹੀ ਕਮੇਟੀਆਂ ਹਨ ਅਤੇ ਹੁਣ ਕੰਮ ਵਿੱਚ ਕਿੰਨਾ ਅੰਤਰ ਹੈ।

**ਮਾਣਯੋਗ ਸਪੀਕਰ** : ਇਸ ਦਾ ਮਤਲਬ ਹੈ ਕਿ ਕਮੇਟੀਆਂ ਬਣੀਆਂ ਹੋਈਆਂ ਹਨ ਅਤੇ ਕੰਮ ਕਰ ਰਹੀਆਂ ਹਨ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਰ, ਪਿਛਲੇ ਦਿਨਾਂ ਵਿੱਚ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਤੇ ਪਰਾਪਰ ਕਾਰਵਾਈ ਕਰਵਾਈ ਜਾਵੇ। ਜਿਨ੍ਹਾਂ ਲੋਕਾਂ ਨੇ ਇਸ ਵਿੱਚ ਬੈਨੇਫਿਟਜ਼ ਲਏ ਹਨ, ਉਨ੍ਹਾਂ ਦੀ ਵੀ ਰਿਕਵਰੀ ਹੋਣੀ ਚਾਹੀਦੀ ਹੈ।

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਅਸੀਂ ਬੈਨੇਫਿਟਜ਼ ਦੀ ਰਿਕਵਰੀ ਕਰ ਸਕਦੇ ਹਾਂ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੇਰੇ ਕੋਲ ਇਸ ਤਰ੍ਹਾਂ ਦਾ ਕੋਈ ਮਸਲਾ ਨਹੀਂ ਆਇਆ ਪਰ ਜਿੰਨੇ ਵੀ ਕੇਸ ਸਨ, ਉਨ੍ਹਾਂ ਵਿੱਚ ਐਡਮਿਸ਼ਨ ਵੀ ਕੈਂਸਲ ਹੋਈਆਂ, ਨੌਕਰੀਆਂ ਵੀ ਕੈਂਸਲ ਹੋਈਆਂ ਹਨ। ਅਗਰ ਇਸ ਤਰ੍ਹਾਂ ਦਾ ਕੋਈ ਕੇਸ ਸਾਹਮਣੇ ਆਉਂਦਾ ਹੈ ਤਾਂ ਉਸ ਤੇ ਵੀ ਐਕਸ਼ਨ ਲਿਆ ਜਾਵੇਗਾ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਮੈਂ ਇਸ ਵਿੱਚ ਕੁਝ ਐਡ ਕਰ ਦੇਣਾ ਚਾਹੁੰਦਾ ਹਾਂ। Not only SC certificates, ਕਈਆਂ ਨੇ ਵੈਸੇ ਹੀ ਜਾਅਲੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਲਈਆਂ ਹੋਈਆਂ ਹਨ। ਸਰਕਾਰਾਂ ਦੇ ਵਫਾਦਾਰ ਕਾਫੀ ਲੋਕ ਹਨ, ਜਿਨ੍ਹਾਂ ਵਿੱਚੋਂ ਕੋਈ ਜਾਅਲੀ ਸਰਟੀਫਿਕੇਟ ਬਣਾ ਕੇ ਪੁਲਿਸ ਵਿੱਚ ਨੌਕਰੀ ਲੈ ਗਿਆ, ਕੋਈ ਟੀਚਰ ਲੱਗ ਗਿਆ। ਸੋ, ਅਸੀਂ ਇਸ ਤੇ ਵੀ ਕਾਰਵਾਈ ਕਰ ਰਹੇ ਹਾਂ ਕਿ ਉਹ ਕਦੋਂ ਤੋਂ ਲੱਗਾ ਹੈ, ਹੁਣ ਤੱਕ ਉਸ ਨੇ ਕਿੰਨੀ ਤਨਖਾਹ ਲਈ, ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਤਨਖਾਹ ਵਿਆਜ ਸਮੇਤ ਸੀ.ਐਮ. ਰਿਲੀਫ ਫੰਡ ਵਿੱਚ ਆਵੇ, ਖਜ਼ਾਨੇ ਵਿੱਚ ਆਵੇ। ਜੇ ਕੋਈ ਜਾਅਲੀ ਸਰਟੀਫਿਕੇਟ ਬਣਾ ਕੇ ਨੌਕਰੀ ਲੈਂਦਾ ਹੈ ਤਾਂ ਕਿਸੇ ਨਾ ਕਿਸੇ ਦਾ ਹੱਕ ਤਾਂ ਮਾਰਿਆ ਹੀ ਹੋਵੇਗਾ। ਭਾਵੇਂ ਉਹ ਐਸ.ਸੀ. ਸਰਟੀਫਿਕੇਟ ਹੈ ਜਾਂ ਓ.ਬੀ.ਸੀ. ਸਰਟੀਫਿਕੇਟ ਹੈ ਜਾਂ ਕੋਈ ਹੋਰ ਸਰਟੀਫਿਕੇਟ ਹੈ। ਕਿਸੇ ਨੇ ਜਨਰਲ ਵਰਗ ਵਿੱਚ ਵੀ ਜਾਅਲੀ ਸਰਟੀਫਿਕੇਟ ਬਣਾ ਲਏ ਕਿ ਮੈਂ ਬੀ.ਏ. ਕਰ ਲਈ, ਐਮ.ਏ. ਕਰ ਲਈ, ਪਰ ਕੀਤੀ ਨਹੀਂ ਸੀ। ਪਿਛਲੀਆਂ ਸਰਕਾਰਾਂ ਉਨ੍ਹਾਂ ਨੂੰ ਸਪੋਰਟ ਕਰਦੀਆਂ ਰਹੀਆਂ ਹਨ, ਇਹ ਉਨ੍ਹਾਂ ਦੇ ਹੀ ਜ਼ਿਆਦਾ ਚਹੇਤੇ ਹਨ। ਸੋ, ਅਸੀਂ ਸਾਰੇ ਹੀ ਸਰਟੀਫਿਕੇਟਾਂ ਦੀ ਜਾਂਚ ਕਰ ਰਹੇ ਹਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕਿੰਨੇ

ਬੰਦੇ ਗਲਤ ਨੌਕਰੀ ਲੈ ਕੇ ਬੈਠੇ ਸਨ। ਉਨ੍ਹਾਂ ਤੇ ਐਕਸ਼ਨ ਵੀ ਹੋਵੇਗਾ, ਐਫ.ਆਈ.ਆਰ. ਵੀ ਹੋਵੇਗੀ ਅਤੇ ਨਾਲ ਹੀ ਜਿੰਨੀ ਤਨਖਾਹ ਉਨ੍ਹਾਂ ਨੇ ਲਈ ਹੈ, ਉਹ ਵਿਆਜ ਸਮੇਤ ਖਜ਼ਾਨੇ ਵਿੱਚ ਵਾਪਸ ਲਿਆਂਦੀ ਜਾਵੇਗੀ।

**1015/Tarlochan Singh/ Harjinder singh**

**1020/mehak**

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਕਈ ਵਾਰੀ ਇਹ ਹੁੰਦਾ ਹੈ ਕਿ ਪ੍ਰੋਫੈਸ਼ਨਲ ਕਾਲਜਾਂ ਵਿੱਚ ਕੋਈ ਕਾਸਟ ਸਰਟੀਫਿਕੇਟ ਬਣਾ ਕੇ ਐਡਮਿਸ਼ਨ ਲੈਂਦਾ ਹੈ, ਉੱਥੋਂ ਬੱਚਾ ਐਮ.ਬੀ.ਬੀ.ਐਸ. ਕਰ ਲੈਂਦਾ ਹੈ, ਉਸ ਤੋਂ ਬਾਅਦ ਐਮ.ਐਸ. ਵੀ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਹੋਰ ਡਿਗਰੀਜ਼ ਵੀ ਕਰ ਲੈਂਦਾ ਹੈ। ਕੋਈ ਵੀ ਡਾਕਟਰ ਜਿਹੜਾ ਐਮ.ਐਸ., ਐਮ.ਡੀ. ਕਰ ਗਿਆ ਤੇ ਜਿਸ ਨੇ ਸਰਕਾਰੀ ਨੌਕਰੀ ਨਹੀਂ ਕੀਤੀ ਤੇ ਆਪਣਾ ਪ੍ਰਾਈਵੇਟ ਹਸਪਤਾਲ ਖੋਲ੍ਹ ਕੇ ਬੈਠ ਜਾਂਦਾ ਹੈ, ਕੀ ਸਰਕਾਰ ਇਸ ਤਰ੍ਹਾਂ ਦੇ ਲੋਕਾਂ, ਜਿਹੜੇ ਪ੍ਰੋਫੈਸ਼ਨਲ ਕਾਲਜਾਂ ਤੋਂ ਡਿਗਰੀ ਲੈ ਲੈਂਦੇ ਹਨ, ਉਨ੍ਹਾਂ ਨੂੰ ਵੀ ਇਨਕਲੂਡ ਕਰਕੇ ਇਸ ਤਰ੍ਹਾਂ ਦੀ ਸਜ਼ਾ ਦੇਵੇਗੀ ਕਿ ਉਹ ਆਪਣੀ ਪ੍ਰਾਈਵੇਟ ਪ੍ਰੈਕਟਿਸ ਨਾ ਕਰ ਸਕਣ।

**ਮੁੱਖ ਮੰਤਰੀ (ਬੈਠੇ-ਬੈਠੇ):** ਜੇ ਤੁਹਾਡੇ ਕੋਲ ਲਿਸਟ ਹੈ ਤਾਂ ਮੈਨੂੰ ਦੇ ਦਿਓ।

----------------------

## ਖਰੜ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਮੁਕੰਮਲ ਕਰਨਾ

***981. ਸਰਦਾਰ ਚਰਨਜੀਤ ਸਿੰਘ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖਰੜ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਜਲਦੀ ਮੁਕੰਮਲ ਕਰਨ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਪਲਾਂਟ ਕਦੋਂ ਤੱਕ ਮੁਕੰਮਲ ਹੋ ਜਾਵੇਗਾ।

**ਸਰਦਾਰ ਬਲਕਾਰ ਸਿੰਘ**: ਜੀ ਹਾਂ, ਖਰੜ ਸ਼ਹਿਰ ਵਿਖੇ 10 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਦਾ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਮਿਤੀ 06.01.2022 ਨੂੰ ਕੰਮ ਅਲਾਟ ਕੀਤਾ ਗਿਆ ਸੀ। ਜਿਸ ਜਗ੍ਹਾ ਤੇ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣਾ ਸੀ, ਉਸ ਥਾਂ ਤੇ ਕੂੜੇ ਦਾ ਢੇਰ ਲੱਗਾ ਹੋਇਆ ਸੀ। ਇਸ ਜਗ੍ਹਾ ਤੋਂ ਕੂੜੇ ਦਾ ਢੇਰ ਕਲੀਅਰ ਕਰਨ ਦੀ ਕਾਰਵਾਈ ਚੱਲ

ਰਹੀ ਹੈ ਅਤੇ ਕਾਫੀ ਹੱਦ ਤੱਕ ਕੂੜਾ ਕਲੀਅਰ ਕੀਤਾ ਜਾ ਚੁੱਕਾ ਹੈ। ਇਸ ਜਗ੍ਹਾ ਤੋਂ ਕੂੜਾ ਕਲੀਅਰ ਹੋਣ ਉਪਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਕੰਮ ਸ਼ੁਰੂ ਹੋਣ ਉਪਰੰਤ 12 ਮਹੀਨੇ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

ਖਰੜ ਵਿਖੇ ਇੱਕ ਹੋਰ 15 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਦਾ ਸੀਵਰੇਜ ਟਰੀਟਮੈਂਟ ਪਲਾਂਟ ਖੂਨੀਮਾਜਰਾ ਵਿਖੇ ਲਗਾਉਣ ਲਈ ਇਸ ਵਿਭਾਗ ਵੱਲੋਂ ਟੈਂਡਰ ਪ੍ਰਗਤੀ ਅਧੀਨ ਹੈ। ਜ਼ਮੀਨ ਦਾ ਕਬਜ਼ਾ ਲੈਣ ਦੀ ਕਾਰਵਾਈ ਵੀ ਚੱਲ ਰਹੀ ਹੈ ਅਤੇ ਕਬਜ਼ਾ ਮਿਲਣ ਉਪਰੰਤ ਇਹ ਕੰਮ 18 ਮਹੀਨੇ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ ਜੀ।

**ਸਰਦਾਰ ਚਰਨਜੀਤ ਸਿੰਘ**: ਸਪੀਕਰ ਸਾਹਿਬ, ਜਿਵੇਂ ਮੰਤਰੀ ਜੀ ਨੇ ਦੱਸਿਆ ਕਿ 06.01.2022 ਤੋਂ ਕੂੜਾ ਕਲੀਅਰ ਕਰਨ ਦਾ ਕੰਮ ਚੱਲ ਰਿਹਾ ਹੈ। ਮੇਰਾ ਖਿਆਲ ਹੈ ਕਿ ਇਹ ਕੀੜੀ ਦੀ ਚਾਲ ਚੱਲ ਰਹੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਖਰੜ ਦੇ ਸ਼ਾਸਕ ਤੇ ਪ੍ਰਸ਼ਾਸਨ ਸਾਰੇ ਹੀ ਤਕਰੀਬਨ ਸੁੱਤੇ ਪਏ ਹਨ ਤੇ ਉਨ੍ਹਾਂ ਕਰਕੇ ਮੇਰੇ 50 ਪਿੰਡਾਂ ਤੇ ਅਸਰ ਹੋ ਰਿਹਾ ਹੈ।

**ਮਾਣਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸਰਦਾਰ ਚਰਨਜੀਤ ਸਿੰਘ:** ਸਾਡੇ ਬਹੁਤ ਸਨਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਜਦੋਂ ਹੜ੍ਹ ਆਏ ਸੀ ਤਾਂ ਵਿਜ਼ਿਟ ਕੀਤਾ ਸੀ। ਇਸ ਦਾ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇ।

**ਮੰਤਰੀ:** ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਜਿੰਨਾ ਜਲਦੀ ਹੋ ਸਕਿਆ।

## OBSERVATION BY THE SPEAKER

**ਮਾਣਯੋਗ ਸਪੀਕਰ**: ਬਹੁਤ ਧੰਨਵਾਦ ਜੀ। ਸਵਾਲ ਪੁੱਛ ਲਿਆ ਕਰੋ, ਆਪਾਂ ਜਦੋਂ ਭਾਸ਼ਣ ਦੇਣ ਲੱਗ ਜਾਂਦੇ ਹਾਂ ਤਾਂ ਟਾਈਮ ਜ਼ਿਆਦਾ ਲੱਗ ਜਾਂਦਾ ਹੈ ਤਾਂ ਦੂਸਰੇ ਪ੍ਰਸ਼ਨ ਟੇਕਅੱਪ ਕਰਨੇ ਰਹਿ ਜਾਣਗੇ। ਇੱਕ ਹੋਰ ਬੇਨਤੀ ਹੈ ਕਿ ਜਿਹੜੇ ਵੀ ਮਾਣਯੋਗ ਵਿਧਾਇਕਾਂ ਨੂੰ ਪਹਿਲੇ ਜਵਾਬ ਤੋਂ ਹੀ ਸੰਤੁਸ਼ਟੀ ਹੋ ਜਾਂਦੀ ਹੈ ਤਾਂ ਠੀਕ ਹੈ, ਬੈਠੇ ਰਹੋ, ਨਹੀਂ ਤਾਂ ਸਪਲੀਮੈਂਟਰੀ ਕਹਿ ਕੇ ਮੈਨੂੰ ਇਸ਼ਾਰਾ ਕਰ ਦਿਆ ਕਰੋ ਤਾਂ ਸੌਖਾ ਰਹਿੰਦਾ ਹੈ ਅਤੇ ਸਾਰਿਆਂ ਦਾ ਸਮਾਂ ਵੀ ਬਚੇਗਾ।

## STARRED QUESTIONS AND ANSWERS *(Resumption)*

## ਬੁਢਲਾਡਾ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਪਹੀਆਂ ਦੇ ਕਿਨਾਰਿਆਂ ਨੂੰ ਸਥਾਨਕ ਕਿਸਾਨਾਂ ਵੱਲੋਂ ਆਪਣੇ ਖੇਤਾਂ ਨਾਲ ਮਿਲਾਉਣਾ

***988. ਸ੍ਰੀ ਬੁੱਧ ਰਾਮ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਪਹੀਆਂ ਦੇ ਕਿਨਾਰਿਆਂ ਨੂੰ ਸਥਾਨਕ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਮਿਲਾ ਲਿਆ ਗਿਆ ਹੈ;

(ਅ) ਕੀ ਉਪਰੋਕਤ ਸੜਕਾਂ ਦੇ ਦੋਹੀਂ ਪਾਸੀਂ ਥਾਂ ਛੱਡਣ ਲਈ ਕੋਈ ਸਰਕਾਰੀ ਨਿਯਮ ਹਨ; ਜੇਕਰ ਇਹ ਨਿਯਮ ਹੈ ਤਾਂ ਕੀ ਕਿਸਾਨਾਂ ਦੁਆਰਾ ਕਬਜੇ ਕੀਤੀ ਬਰਮ ਦੀ ਜਗ੍ਹਾ ਨੂੰ ਛੁਡਾਉਣ ਦੀ ਕੋਈ ਸਕੀਮ/ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਕੀ ਵੇਰਵੇ ਹਨ।

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: (ੳ) ਹਾਂ ਜੀ, ਇਹ ਠੀਕ ਹੈ ਕਿ ਬੁਢਲਾਡਾ ਹਲਕੇ ਦੀਆਂ ਕੁਝ ਲਿੰਕ ਸੜਕਾਂ ਦੇ ਬਰਮਾਂ ਨੂੰ ਖੇਤਾਂ ਵਾਲੇ ਕਿਸਾਨਾਂ ਵੱਲੋਂ ਆਪਣੇ ਖੇਤ ਵਿੱਚ ਮਿਲਾ ਲਿਆ ਗਿਆ ਹੈ।

(ਅ) ਲਿੰਕ ਸੜਕ ਦੇ ਦੋਵੇਂ ਪਾਸੇ ਇੱਕੋ ਜਿਹੇ ਬਰਮ ਰੱਖੇ ਜਾਣੇ ਹੁੰਦੇ ਹਨ ਪਰ ਜਿਨ੍ਹਾਂ ਸੜਕਾਂ ਦੇ ਬਰਮ ਸੜਕ ਨਾਲ ਲੱਗਦੇ ਖੇਤ ਮਾਲਕਾਂ ਵੱਲੋਂ ਕੱਟ ਕੇ ਆਪਣੀ ਜ਼ਮੀਨ ਵਿੱਚ ਮਿਲਾ ਲਏ ਹਨ, ਉਹ ਬਰਮ ਪੂਰੇ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਪ ਮੰਡਲ ਮੈਜਿਸਟਰੇਟ ਅਧੀਨ ਇੱਕ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਤਹਿਸੀਲਦਾਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਉਪ ਮੰਡਲ ਅਫਸਰ ਅਤੇ ਐਸ.ਐਚ.ਓ. ਇਸ ਕਮੇਟੀ ਦੇ ਮੈਂਬਰ ਹਨ। ਇਸ ਕਮੇਟੀ ਵੱਲੋਂ ਘੱਟ ਬਰਮਾਂ ਵਾਲੀਆਂ ਸੜਕਾਂ ਦੀ ਸ਼ਨਾਖਤ ਕਰਕੇ ਮਾਲ ਵਿਭਾਗ ਪਾਸੋਂ ਨਿਸ਼ਾਨਦੇਹੀ ਕਰਵਾ ਕੇ ਬਰਮ ਪੂਰੇ ਕਰਾਉਣ ਲਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ।

**ਮਾਣਯੋਗ ਸਪੀਕਰ**: ਹਾਂ ਜੀ, ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ**: ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ। ਸਦਨ ਵਿੱਚ ਸਾਰੀ ਆਪੋਜ਼ੀਸ਼ਨ ਬੈਠੀ ਹੈ ਤੇ ਬਹੁਤ ਸਾਰੇ ਲੋਕ ਵੀ ਸੁਣ ਰਹੇ ਹਨ। ਜਿਵੇਂ ਹੁਣ ਤੁਸੀਂ ਕਿਹਾ ਪ੍ਰਿੰਸੀਪਲ ਬੁੱਧ ਰਾਮ ਜੀ ਤੇ ਉਨ੍ਹਾਂ ਨੇ ਕਿਹਾ ਕਿ ਸਵਾਲ ਨੰ: 988,

ਇਹ ਸਾਨੂੰ ਤਾਂ ਪਤਾ ਹੈ, ਇਹ ਸਵਾਲ ਸਾਡੇ ਕੰਪਿਊਟਰ ਤੇ ਚੱਲ ਰਿਹਾ ਹੈ। ਕੀ ਇਹ ਅੱਛਾ ਨਹੀਂ ਰਹੇਗਾ ਕਿ 988 ਸਵਾਲ ਕਹਿਣ ਤੋਂ ਬਾਅਦ ਜਿਸ ਨੇ ਵੀ ਸਵਾਲ ਕੀਤਾ ਹੈ, ਭਾਵੇਂ ਕਾਂਗਰਸ ਵੱਲੋਂ ਜਾਂ ਆਪੋਜ਼ੀਸ਼ਨ ਵੱਲੋਂ ਹੋਵੇ ਤਾਂ ਉਹ ਪਹਿਲਾਂ ਆਪਣਾ ਸਵਾਲ ਡਿਟੇਲ ਨਾਲ ਕਰ ਲਵੇ ਕਿ ਬੁਢਲਾਡਾ ਹਲਕੇ ਦੀਆਂ ਸੜਕਾਂ ਜਿਨ੍ਹਾਂ ਨੂੰ ਕਿਸਾਨ ਖੇਤਾਂ ਵਿੱਚ ਮਿਲਾ ਰਹੇ ਹਨ, ਉਸ ਬਾਰੇ ਮੰਤਰੀ ਜੀ ਜਵਾਬ ਦੇਣ। ਹੁਣ ਤੁਸੀਂ ਸਿਰਫ 988 ਕਹਿ ਦਿੱਤਾ ਪਰ ਜਿਹੜੇ ਬਾਹਰ ਸੁਣ ਰਹੇ ਹੋਣਗੇ, ਉਨ੍ਹਾਂ ਨੂੰ ਕੀ ਪਤਾ ਹੋਵੇਗਾ ਕਿ 988 ਕੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸੋ, ਮੈਨੂੰ ਲਗਦਾ ਹੈ ਕਿ ਜਿਸ ਨੇ ਸਵਾਲ ਪਾਇਆ ਹੈ, ਉਸ ਨੂੰ ਇੱਕ ਵਾਰ ਪੂਰਾ ਸਵਾਲ ਬੋਲ ਕੇ ਫਿਰ ਮੰਤਰੀ ਸਾਹਿਬ ਜਵਾਬ ਦੇਣ ਤਾਂ ਜ਼ਿਆਦਾ ਕਲੈਰਿਟੀ ਆਵੇਗੀ।

## OBSERVATION BY THE SPEAKER

**ਮਾਣਯੋਗ ਸਪੀਕਰ**: ਸੀ.ਐਮ. ਸਾਹਿਬ ਦੀ ਅਗਵਾਈ ਵਿੱਚ ਅਸੀਂ ਨਵੀਆਂ ਪਿਰਤਾਂ ਪਾ ਰਹੇ ਹਾਂ। ਅੱਜ ਇਸ ਨਵੀਂ ਪਿਰਤ ਦੀ ਵੀ ਸ਼ੁਰੂਆਤ ਕਰ ਦਿੰਦੇ ਹਾਂ। ਜੇ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਤੋਂ ਪ੍ਰਸ਼ਨ ਕਾਲ ਵਿੱਚ ਜਿਸ ਮਾਣਯੋਗ ਮੈਂਬਰ ਦਾ ਸਵਾਲ ਹੋਵੇ, ਉਹ ਆਪਣਾ ਸਵਾਲ ਪੂਰਾ ਬੋਲ ਕੇ ਪੁੱਛਿਆ ਕਰੇ ਤਾਂ ਜੋ ਸਦਨ ਤੋਂ ਬਾਹਰ ਸੁਣ ਰਹੇ ਲੋਕਾਂ ਨੂੰ ਪੂਰੇ ਸਵਾਲ ਦਾ ਪਤਾ ਲੱਗ ਸਕੇ।

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ)**: ਸਰ, ਫਿਰ ਸਮਾਂ ਵਧਾ ਲਓ ਜੀ, ਨਹੀਂ ਤਾਂ ਬਾਕੀ ਸਵਾਲ ਰਹਿ ਜਾਣਗੇ ਜੀ।

**ਮਾਣਯੋਗ ਸਪੀਕਰ**: ਆਪਾਂ ਦੇਖ ਲਿਆ ਕਰਾਂਗੇ ਜੀ, ਐਡਜਸਟਮੈਂਟ ਕਰ ਲਿਆ ਕਰਾਂਗੇ। ਬੁੱਧ ਰਾਮ ਜੀ ਤੁਸੀਂ ਸਵਾਲ ਬੋਲ ਦਿਓ, ਸਬਜੈਕਟ ਵੀ ਪੜ੍ਹ ਦਿਆ ਕਰੋ।

## STARRED QUESTIONS AND ANSWERS *(Resumption)*

**1020/mehak/BS khokhar**

**1025/Sukhpiar Singh**

**ਮਾਣਯੋਗ ਸਪੀਕਰ**: ਬੁੱਧ ਰਾਮ ਜੀ, ਤੁਸੀਂ ਆਪਣਾ ਸਵਾਲ ਬੋਲ ਦਿਉ। ਆਪਣਾ ਸਬਜੈਕਟ ਪੜ੍ਹ ਦਿਆ ਕਰੋ, ਸਬਜੈਕਟ ਵੀ ਦਿੱਤਾ ਹੁੰਦਾ ਹੈ ਜਾਂ ਕੁਐਸ਼ਚਨ ਪੂਰਾ ਪੜ੍ਹ ਦਿਉ।

**ਸ੍ਰੀ ਬੁੱਧ ਰਾਮ:** ਵੈਸੇ ਤਾਂ ਸੀ.ਐਮ. ਸਾਹਿਬ ਨੇ ਦੱਸ ਹੀ ਦਿੱਤਾ ਹੈ ਪਰ ਇਹੀ ਸਵਾਲ ਸੀ ਕਿ ਸੜਕਾਂ ਦੇ ਨੇੜੇ ਬਰਮ ਨਾਲ ਮਿਲਾ ਲਏ ਜਾਂਦੇ ਹਨ ਜਿਸ ਨਾਲ ਗੱਡੀ ਕਰਾਸ ਕਰਨ ਵੇਲੇ ਮੁਸ਼ਕਿਲ ਪੇਸ਼ ਆਉਂਦੀ ਹੈ। ਮੈਂ ਇਸ ਗੱਲ ਦਾ ਮੰਤਰੀ ਜੀ ਤੋਂ ਜਵਾਬ ਮੰਗਦਾ ਹਾਂ ਜੀ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ :** ਸਪੀਕਰ ਸਾਹਿਬ, ਧੰਨਵਾਦ ਜੀ, ਮੈਂਬਰ ਸਾਹਿਬ ਦੀ ਮੰਗ ਠੀਕ ਹੈ ਕਿ ਕਿਸਾਨ ਸੜਕਾਂ ਦੇ ਨਾਲ ਕੁਝ ਨਾ ਕੁਝ ਲਾਲਚ ਕਰ ਜਾਂਦੇ ਹਨ ਅਤੇ ਉਹ ਬਰਮਾ ਵੱਢ ਲੈਂਦੇ ਹਨ। ਲਿੰਕ ਸੜਕਾਂ ਦੇ ਦੋਵੇਂ ਪਾਸੇ ਇੱਕੋ ਜਿਹੇ ਬਰਮ ਰੱਖੇ ਜਾਂਦੇ ਹਨ, ਜਿਨ੍ਹਾਂ ਦੇ ਆਸੇ-ਪਾਸੇ ਵਾਲੇ ਮਾਲਕ ਜ਼ਰੂਰ ਹਲਚਲ ਕਰਦੇ ਹਨ। ਉਸ ਲਈ ਇੱਕ ਕਮੇਟੀ ਬਣੀ ਹੋਈ ਹੈ ਜਿਸ ਦੀ ਐਸ.ਡੀ.ਐਮ. ਸਾਹਿਬ ਅਗਵਾਈ ਕਰਦੇ ਹਨ, ਤਹਿਸੀਲਦਾਰ ਸਾਹਿਬ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨਾਲ ਹੁੰਦੇ ਹਨ ਅਤੇ ਨਾਲ ਹੀ ਇਲਾਕੇ ਦਾ ਐਸ.ਐਚ.ਓ. ਮੈਂਬਰ ਹੁੰਦਾ ਹੈ। ਉਨ੍ਹਾਂ ਕੋਲ ਸ਼ਿਕਾਇਤ ਰੱਖ ਕੇ ਇਹ ਪੂਰੇ ਕਰਵਾਏ ਜਾ ਸਕਦੇ ਹਨ।

**ਸ੍ਰੀ ਬੁੱਧ ਰਾਮ:** ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਆਉਣ ਤੋਂ ਬਾਅਦ ਸਾਡੀਆਂ ਲਿੰਕ ਰੋਡਜ਼ ਤੇ ਪਹਿਲੀ ਵਾਰ ਪੀ.ਆਰ.ਟੀ.ਸੀ. ਦੀਆਂ ਬੱਸਾਂ ਚੱਲਣ ਲੱਗੀਆਂ ਹਨ। ਇਸ ਕਰਕੇ ਇਹ ਕੁਐਸ਼ਚਨ ਰਾਈਜ਼ ਹੋਇਆ ਹੈ। ਜਦੋਂ ਮੈਨੂੰ ਪੀ.ਆਰ.ਟੀ.ਸੀ. ਦੇ ਡਰਾਈਵਰ ਮਿਲੇ ਜਾਂ ਸਰਕਾਰੀ ਸਕੂਲਾਂ ਦੇ ਬੱਸਾਂ ਵਾਲੇ ਡਰਾਈਵਰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਕਰਾਸ ਕਰਦੇ ਹਾਂ ਤਾਂ ਸਾਨੂੰ ਥੋੜ੍ਹੀ ਤੇਜ਼ੀ ਹੁੰਦੀ ਹੈ ਪਰੰਤੂ ਅੱਗੇ ਤੋਂ ਕਰਾਸ ਨਹੀਂ ਹੁੰਦਾ। ਲੋਕਾਂ ਨੇ ਸੜਕਾਂ ਦੇ ਨਾਲ ਵਾਲਾ ਏਰੀਆ ਵੱਢ ਲਿਆ ਅਤੇ ਵਿਚਕਾਰ ਵਾਲੀ ਸਪੇਸ ਘੱਟ ਗਈ ਹੈ। ਮੈਂ ਇਸੇ ਕਰਕੇ ਬੇਨਤੀ ਕੀਤੀ ਸੀ ਕਿ ਜੇ ਸਾਰੇ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਸਖਤ ਹਦਾਇਤ ਕਰ ਦਿੱਤੀ ਜਾਵੇ ਕਿਉਂਕਿ ਇਹ ਸਾਰੇ ਪੰਜਾਬ ਦਾ ਮਸਲਾ ਹੋਵੇਗਾ। ਉਹ ਸੜਕਾਂ ਦੇ ਬਰਮ ਛੱਡ ਦੇਣਗੇ, ਕੋਈ ਫਰਕ ਨਹੀਂ ਪੈਂਦਾ ਜੀ, ਦੋ ਕਿੱਲੋ ਘੱਟ ਕਣਕ ਜਾਂ ਜੀਰੀ ਹੋ ਜਾਵੇਗੀ। ਮੈਂ ਇਹ ਬੇਨਤੀ ਕੀਤੀ ਹੈ, ਮੈਨੂੰ ਆਸ ਹੈ ਕਿ ਸਖਤੀ ਨਾਲ ਇਹ ਗੱਲ ਕਰਕੇ ਆਪਾਂ ਇਸ ਦਾ ਫਾਇਦਾ ਉਠਾਈਏ। ਆਮ ਤੌਰ ਤੇ ਸਾਡੀ ਇੱਕ ਬੱਸ ਹਸਨਪੁਰ, ਮਾਨਸਾ ਤੋਂ ਆ ਰਹੀ ਸੀ, ਜਦੋਂ ਕਰਾਸ ਕਰਨ ਲੱਗੀ ਤਾਂ ਉਹ ਟੇਢੀ ਹੋ ਗਈ ਸੀ, ਉਹ ਕਰਾਸ ਨਹੀਂ ਹੁੰਦੀ ਸੀ। ਇਸ ਕਰਕੇ ਇਹ ਮਸਲਾ ਉੱਥੋਂ ਰਾਈਜ਼ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਮਸਲਾ ਜਲਦੀ ਹੱਲ ਕਰ ਦਿੱਤਾ ਜਾਵੇ ਤਾਂ ਲੋਕ ਬਹੁਤ ਖੁਸ਼ ਹੋਣਗੇ।

**ਮਾਣਯੋਗ ਸਪੀਕਰ:** ਮੰਤਰੀ ਸਾਹਿਬ, ਇਹ ਤਾਂ ਫਸਲ ਤੋਂ ਬਾਅਦ ਸਾਰੇ ਪੰਜਾਬ ਵਿੱਚ ਕੰਪੇਨ ਹੀ ਚਲਾ ਲਈ ਜਾਵੇ। (ਥੰਪਿੰਗ) ਮੇਰੇ ਯਾਦ ਹੈ, ਜਦੋਂ ਮੈਂ ਸਰਪੰਚ ਸੀ, ਉਦੋਂ ਸਾਡੇ ਡਿਪਟੀ ਕਮਿਸ਼ਨਰ, ਸ੍ਰੀ ਅਲੋਕ ਸ਼ੇਖਰ ਸੀ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਇਹ ਸੜਕ ਨਾ ਤਾਂ ਲੋਕ ਨਿਰਮਾਣ ਵਿਭਾਗ ਕੋਲ ਹੈ ਅਤੇ ਨਾ ਹੀ ਮੰਡੀ ਬੋਰਡ ਕੋਲ ਹੈ। ਇਸ ਦੀ ਮਾਲਕੀਅਤ ਪੰਚਾਇਤਾਂ ਕੋਲ ਹੈ, ਇਹ ਪਿੰਡਾਂ ਦੇ ਰਾਹ ਹਨ। ਇਸ ਲਈ ਕਮੇਟੀ ਬਣਾਈ ਹੋਈ ਹੈ ਅਤੇ ਡੀ.ਸੀ. ਸਾਹਿਬ ਨੂੰ ਕਹਿ ਕੇ ਹਾੜ੍ਹੀ ਦੀ ਕਟਾਈ ਤੋਂ ਬਾਅਦ ਇਹ ਜ਼ਰੂਰ ਸਾਰੀਆਂ ਪੂਰੀਆਂ ਕਰਵਾਈਆਂ ਜਾਣਗੀਆਂ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੈਂ ਦੱਸਣ ਲੱਗਿਆ ਸੀ ਕਿ ਉਦੋਂ ਅਸੀਂ ਸਾਰਿਆਂ ਨੇ ਡਿਪਟੀ ਕਮਿਸ਼ਨਰ, ਸ਼੍ਰੀ ਅਲੋਕ ਸ਼ੇਖਰ ਜੀ ਨੂੰ ਕਿਹਾ ਸੀ ਕਿ ਭਾਵੇਂ ਕੋਈ ਕਹੀ ਜਾਏ ਕਿਉਂਕਿ ਸਾਡਾ ਸਾਰਿਆਂ ਦਾ ਮਨ ਕਰਦਾ ਹੈ ਕਿ ਅਸੀਂ ਓੜਾ-ਓੜਾ, 2-2 ਓੜੇ ਵੱਢ ਲੈਂਦੇ ਹਾਂ ਪਰ ਇੱਕ ਵਾਰ ਸਖਤੀ ਕਰਵਾ ਕੇ ਸੜਕਾਂ ਚੌੜੀਆਂ ਕਰਵਾ ਦਿਉ, ਬਾਅਦ ਵਿੱਚ ਸਾਰਿਆਂ ਨੇ ਉਸ ਚੀਜ਼ ਦੀ ਸ਼ਲਾਘਾ ਕੀਤੀ। ਸੋ, ਮੈਨੂੰ ਲੱਗਦਾ ਹੈ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਇਸ ਗੱਲ ਦੀ ਸ਼ਲਾਘਾ ਕਰਨਗੇ, ਜੇ ਕੰਪੇਨ ਹੀ ਚਲਾ ਦਿੱਤੀ ਜਾਵੇ। ਧੰਨਵਾਦ ਜੀ।

## ਗੁਰਦਾਸਪੁਰ ਅਤੇ ਬਰਨਾਲਾ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

***1014 ਸ਼੍ਰੀਮਤੀ ਅਰੁਨਾ ਚੌਧਰੀ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਜ਼ਿਲ੍ਹਾ ਗੁਰਦਾਸਪੁਰ ਅਤੇ ਬਰਨਾਲਾ ਵਿੱਚ ਇਸ ਸਮੇਂ ਕਿਹੜੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਕਦੋਂ ਤੋਂ ਤਾਇਨਾਤ ਹਨ: ਵੇਰਵੇ ਸਹਿਤ ਦੱਸਿਆ ਜਾਵੇ;

(ਅ) ਜ਼ਿਲ੍ਹਾ ਗੁਰਦਾਸਪੁਰ ਵਿਚ ਮੌਜੂਦਾ ਸਮੇਂ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੀਆਂ ਬਲਾਕ ਵਾਰ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਕਿਹੜੇ ਵਿਅਕਤੀਆਂ ਨੂੰ ਉਹਨਾਂ ਦੇ ਅਸਲੀ ਅਹੁਦੇ ਦੇ ਬਜਾਏ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀਆਂ ਖਾਲੀ ਆਸਾਮੀਆਂ ਦੇ ਵਿਰੁੱਧ ਚਾਰਜ ਸੌਂਪਿਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ;

(ੲ) ਉਪਰੋਕਤ ਖਾਲੀ ਆਸਾਮੀਆਂ ਤੇ ਕਦੋਂ ਤੱਕ ਨਿਯਮਤ ਰੂਪ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰੱਖ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਲਾਲਜੀਤ ਸਿੰਘ ਭੁੱਲਰ:**

(ੳ) ਜ਼ਿਲ੍ਹਾ ਗੁਰਦਾਸਪੁਰ ਅਤੇ ਬਰਨਾਲਾ ਵਿੱਚ ਇਸ ਸਮੇਂ ਤੈਨਾਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਬਲਾਕ ਦਾ ਨਾਮ | ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦਾ ਨਾਂ/ਅਸਲ ਅਹੁਦਾ | ਵਿਭਾਗ ਵਲੋਂ ਤੈਨਾਤੀ ਸਬੰਧੀ ਹੁਕਮ ਜਾਰੀ ਹੋਣ ਦੀ ਮਿਤੀ |
|---|---|---|---|
| **ਜਿਲ੍ਹਾ ਗੁਰਦਾਸਪੁਰ** | | | |
| 1 | ਕਾਦੀਆਂ | ਅਮਨਦੀਪ ਸਿੰਘ, ਬੀ.ਡੀ.ਪੀ.ਓ | ਮਿਤੀ 29.01.2024 |
| 2 | ਧਾਰੀਵਾਲ | ਸੰਤੋਖ ਸਿੰਘ, ਐਸ.ਈ.ਪੀ.ਓ ਚਾਰਜ ਬੀ.ਡੀ.ਪੀ.ਓ | ਮਿਤੀ 29.01.2024 |
| 3 | ਡੇਰਾ ਬਾਬਾ ਨਾਨਕ | ਜਸਵੀਰ ਕੌਰ, ਬੀ.ਡੀ.ਪੀ.ਓ | ਮਿਤੀ 29.01.2024 |
| 4 | ਬਟਾਲਾ | ਰਾਜਾ ਸਿੰਘ,ਐਸ.ਈ.ਪੀਓ ਚਾਰਜ ਬੀ.ਡੀ.ਪੀ.ਓ | ਮਿਤੀ 26.02.2024 |
| 5 | ਦੀਨਾਨਗਰ | ਦਿਲਬਾਗ ਸਿੰਘ, ਬੀ.ਡੀ.ਪੀ.ਓ | ਮਿਤੀ 26.02.2024 |
| 6 | ਦੋਰਾਂਗਲਾ | ਦਿਲਬਾਗ ਸਿੰਘ , ਬੀ.ਡੀ.ਪੀ.ਓ, ਦੀਨਾਨਗਰ ਅਤੇ ਵਾਧੂ ਚਾਰਜ ਦੋਰਾਂਗਲਾ | ਮਿਤੀ 26.02.2024 |
| 7 | ਫਤਿਹਗੜ੍ਹ ਚੂੜੀਆਂ | ਪ੍ਰਗਟ ਸਿੰਘ, ਬੀ.ਡੀ.ਪੀ.ਓ | ਮਿਤੀ 26.02.2024 |
| 8 | ਕਲਾਨੈਰ | ਮਨਜਿੰਦਰ ਕੌਰ, ਸੀਨੀਅਰ ਸਹਾਇਕ (ਲੇਖਾ), ਚਾਰਜ ਬੀ.ਡੀ.ਪੀ.ਓ | ਮਿਤੀ 29.02.2024 |
| 9 | ਕਾਹਨੂੰਵਾਨ | ਜਰਮੇਲ ਸਿੰਘ, ਸੀਨੀਅਰ ਸਹਾਇਕ (ਲੇਖਾ), ਚਾਰਜ | ਮਿਤੀ 01.03.2024 |

| | | | |
|---|---|---|---|
| | | ਬੀ.ਡੀ.ਪੀ.ਓ | |
| 10 | ਗੁਰਦਾਸਪੁਰ | ਪ੍ਰਗਟ ਸਿੰਘ, ਬੀ.ਡੀ.ਪੀ.ਓ, ਫਤਿਹਗੜ੍ਹ ਚੂੜੀਆਂ ਅਤੇ ਵਾਧੂ ਚਾਰਜ ਗੁਰਦਾਸਪੁਰ | ਮਿਤੀ 01.03.2024 |
| 11 | ਸ੍ਰੀ ਹਰਗੋਬਿੰਦਪੁਰ | ਖਾਲੀ | -- |
| **ਜਿਲ੍ਹਾ ਬਰਨਾਲਾ** | | | |
| 1 | ਬਰਨਾਲਾ | ਸੁਖਵਿੰਦਰ ਸਿੰਘ ਸਿੱਧੂ, ਬੀ.ਡੀ.ਪੀ.ਓ | ਮਿਤੀ 29.01.2024 |
| 2 | ਸ਼ਹਿਣਾ | ਹੀਰਾ ਸਿੰਘ, ਸੀਨੀਅਰ ਸਹਾਇਕ (ਲੇਖਾ) ਚਾਰਜ ਬੀ.ਡੀ.ਪੀ.ਓ | ਮਿਤੀ 29.01.2024 |
| 3 | ਮਹਿਲਕਲਾਂ | ਬੱਬਲਜੀਤ ਕੌਰ, ਸੀਨੀਅਰ ਸਹਾਇਕ (ਲੇਖਾ) ਚਾਰਜ ਬੀ.ਡੀ.ਪੀ.ਓ | ਮਿਤੀ 29.02.2024 |

(ਅ) ਜਿਲ੍ਹਾ ਗੁਰਦਾਸਪੁਰ ਵਿੱਚ ਇਸ ਸਮੇਂ ਕੇਵਲ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ੍ਰੀ ਹਰਗੋਬਿੰਦਪੁਰ ਦੀ ਅਸਾਮੀ ਖਾਲੀ ਹੈ ਅਤੇ ਜਿਹੜੇ ਵਿਅਕਤੀਆਂ ਨੂੰ ਉਨ੍ਹਾਂ ਦੇ ਅਸਲੀ ਅਹੁਦੇ ਦੀ ਬਜਾਏ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀ ਅਸਾਮੀ ਦਾ ਚਾਰਜ ਸੌਂਪਿਆ ਗਿਆ ਹੈ, ਉਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਬਲਾਕ ਦਾ ਨਾਮ | ਵਿਅਕਤੀ ਦਾ ਨਾਮ ਤੇ ਅਹੁਦਾ ਜਿਨ੍ਹਾਂ ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀ ਅਸਾਮੀ ਦਾ ਚਾਰਜ ਦਿੱਤਾ ਗਿਆ ਹੈ। |
|---|---|---|
| 1 | ਬਟਾਲਾ | ਸ੍ਰੀ ਰਾਜਾ ਸਿੰਘ, ਸਮਾਜਿਕ ਸਿੱਖਿਆ ਅਤੇ ਪੰਚਾਇਤ, ਅਫਸਰ |
| 2 | ਧਾਰੀਵਾਲ | ਸ੍ਰੀ ਸੰਤੋਖ ਸਿੰਘ, ਸਮਾਜਿਕ ਸਿੱਖਿਆ ਅਤੇ ਪੰਚਾਇਤ, ਅਫਸਰ |
| 3 | ਕਾਹਨੂੰਵਾਨ | ਸ੍ਰੀ ਜਰਮੇਲ ਸਿੰਘ, ਸੀਨੀਅਰ ਸਹਾਇਕ (ਲੇਖਾ) |
| 4 | ਕਲਾਨੌਰ | ਸ੍ਰੀਮਤੀ ਮਨਜਿੰਦਰ ਕੌਰ, ਸੀਨੀਅਰ ਸਹਾਇਕ (ਲੇਖਾ) |

**(ਏ)** ਪ੍ਰਬੰਧਕੀ ਕਾਰਨਾਂ ਕਰਕੇ ਪਿਛਲੇ ਦਿਨਾਂ ਦੌਰਾਨ ਹੋਈਆਂ ਬਦਲੀਆਂ/ਤੈਨਾਤੀਆਂ ਕਾਰਨ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ੍ਰੀ ਹਰਗੋਬਿੰਦਪੁਰ ਦੀ ਅਸਾਮੀ ਖਾਲੀ ਹੋਈ ਹੈ। ਖਾਲੀ ਅਸਾਮੀਆਂ ਨੂੰ ਸਮੇਂ ਸਮੇਂ ਤੇ ਹੋਣ ਵਾਲੀਆਂ ਬਦਲੀਆਂ/ਤੈਨਾਤੀਆਂ ਰਾਹੀਂ ਭਰ ਦਿੱਤਾ ਜਾਂਦਾ ਹੈ।

**ਸ੍ਰੀਮਤੀ ਅਰੁਨਾ ਚੌਧਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਹੀਰਾ ਸਿੰਘ, ਸੀਨੀਅਰ ਸਹਾਇਕ, ਅਕਾਊਂਟਸ ਨੂੰ ਮੇਰੇ ਹਲਕੇ ਵਿੱਚ ਬੀ.ਡੀ.ਪੀ.ਓ. ਲਗਾਇਆ ਗਿਆ ਸੀ ਲੇਕਿਨ ਉਸ ਦਾ ਬਿਹੇਵੀਅਰ ਠੀਕ ਨਾ ਹੋਣ ਕਰਕੇ ਉਸ ਦਾ ਕੇਸ ਪ੍ਰੀਵਲੇਜ ਕਮੇਟੀ ਵਿੱਚ ਲੈ ਕੇ ਆਏ ਸੀ। ਸਾਰੇ ਹੀ ਲੈਜਿਸਲੇਟਰਜ਼ ਨੇ ਪਰਾਪਰ ਸੁਣਵਾਈ ਤੋਂ ਬਾਅਦ ਔਰ ਤੁਹਾਡੀ ਅਪਰੂਵਲ ਤੋਂ ਬਾਅਦ ਉਹ ਇੰਪਲੀਮੈਂਟ ਹੋ ਗਿਆ ਸੀ ਅਤੇ ਉਸ ਬਾਰੇ ਕਿਹਾ ਗਿਆ ਸੀ ਕਿ ਇਸ ਨੂੰ ਪਬਲਿਕ ਡੀਲਿੰਗ ਪੋਸਟ ਤੇ ਨਾ ਲਗਾਇਆ ਜਾਵੇ ਜਦ ਤੱਕ ਇਸ ਦੀ ਪ੍ਰਮੋਸ਼ਨ ਬੀ.ਡੀ.ਪੀ.ਓ. ਦੇ ਤੌਰ ਤੇ ਨਹੀਂ ਹੋ ਜਾਂਦੀ। ਨਿਆਂਪਾਲਿਕਾ ਅਤੇ ਲੈਜਿਸਲੇਚਰ ਦਾ ਆਪਣਾ ਆਪਣਾ ਖੇਤਰ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਲੈਜਿਸਲੇਚਰ ਨੇ ਜਿਹੜਾ ਫੈਸਲਾ ਕਰ ਦਿੱਤਾ, ਉਹ ਇੰਪਲੀਮੈਂਟ ਕਰਨਾ ਹੀ ਕਾਰਜਪਾਲਿਕਾ ਦਾ ਕੰਮ ਹੈ।

**1025/Sukhpiar Singh/BS khokhar**

**1030/Manika Rani**

ਲੇਕਿਨ ਚਾਰ ਮਹੀਨਿਆਂ ਦੇ ਬਾਅਦ ਉਹ ਇੰਨਾ ਕਿਹੜਾ ਪੰਜਾਬ ਦਾ ਹੀਰਾ ਹੈ, ਜਿਸ ਨੂੰ ਪਿੰਡ ਸਹਿਣੇ ਵਿੱਚੋਂ ਬਦਲ ਦਿੱਤਾ ਗਿਆ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਆਰਡਰ ਕਦੋਂ ਤੱਕ ਕੈਂਸਲ ਕਰ ਦਿਓਗੇ? ਔਰ ਇਸ ਕੇਸ ਬਾਰੇ ਜਿਹੜੇ ਫੈਕਟ ਛੁਪਾਏ ਗਏ ਹਨ, ਉਨ੍ਹਾਂ ਦੀ ਰਿਸਪਾਂਸੇਬਿਲਟੀ ਫਿਕਸ ਕਰਕੇ ਕਦੋਂ ਤੱਕ ਐਕਸ਼ਨ ਲਓਗੇ? ਦੂਜਾ, ਜਿਹੜਾ ਸੀ.ਡੀ.ਸੀ. ਚਾਰਜ ਦਿੱਤਾ ਜਾਂਦਾ ਹੈ, ਉਹ ਅਕਾਰਡਿੰਗ ਟੂ ਸੀਨੀਆਰਟੀ ਦਿੱਤਾ ਜਾਂਦਾ ਹੈ। ਇਸ ਸਬੰਧੀ ਪ੍ਰਸੋਨਲ ਵਿਭਾਗ ਦੀਆਂ ਗਾਈਡਲਾਈਜ਼ ਵੀ ਹਨ। ਇਸ ਤੋਂ ਇਲਾਵਾ ਜਵਾਬ ਵਿੱਚ ਤੁਸੀਂ ਬਰਨਾਲਾ, ਗੁਰਦਾਸਪੁਰ ਦੀ ਜਿਹੜੀ ਲਿਸਟ ਭੇਜੀ ਹੈ, ਉਸ ਵਿੱਚੋਂ ਟੋਟਲ 14 ਅਸਾਮੀਆਂ ਵਿੱਚੋਂ 13 ਅਸਾਮੀਆਂ ਭਰੀਆਂ ਹੋਈਆਂ ਹਨ। ਜਿਨ੍ਹਾਂ ਵਿੱਚੋਂ ਛੇ ਕੋਲ ਸੀ.ਡੀ.ਸੀ. ਹੈ। ਬਾਕੀ ਰੈਗੂਲਰ ਬੀ.ਡੀ.ਪੀ.ਓ. ਹਨ। ਜਿਹੜਾ ਸੀ.ਡੀ.ਸੀ. ਹੈ, ਉਹ ਛੇ ਕਲਰਕਾਂ ਨੂੰ ਦਿੱਤਾ ਹੋਇਆ ਹੈ। ਕਲਰਕ ਅਤੇ ਬੀ.ਡੀ.ਪੀ.ਓ. ਦੇ ਵਿੱਚ ਬਹੁਤ ਵੱਡਾ ਪਾੜਾ ਹੈ। ਕਲਰਕ ਗਜ਼ਟਿਡ ਅਫਸਰ ਦੀ ਸੀਟ ਤੇ ਬੈਠ ਕੇ ਇਹ ਕੰਮ ਨਹੀਂ ਕਰ ਸਕਦਾ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀਮਤੀ ਅਰੁਨਾ ਚੌਧਰੀ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਡਿਪਾਰਟਮੈਂਟ ਵਿੱਚ ਪਰਮੋਸ਼ਨਾਂ ਰੈਗੂਲਰ ਕਿਉਂ ਨਹੀਂ ਕੀਤੀਆਂ ਜਾ ਰਹੀਆਂ ਹਨ? ਜਿਹੜੇ ਡਿਜ਼ਰਵ ਕਰਦੇ ਹਨ, ਉਨ੍ਹਾਂ ਨੂੰ ਪਰਾਪਰ ਬੀ.ਡੀ.ਪੀ.ਓ. ਬਣਾਇਆ ਜਾਵੇ। ਇਸ ਤੋਂ ਇਲਾਵਾ ਜਿਹੜੇ ਸੀ.ਡੀ.ਸੀ. ਹਨ, ਉਹ ਅਕਾਓਡਿੰਗ ਟੂ ਸੀਨੀਆਰਟੀ ਦਿੱਤਾ ਜਾਵੇ ਅਤੇ ਪਿਕ ਐਂਡ ਚੂਜ਼ ਨਾ ਕੀਤਾ ਜਾਵੇ? ਇਸ ਤੋਂ ਇਲਾਵਾ ਇਹ ਨਾ ਕੀਤਾ ਜਾਵੇ ਕਿ ਜੇਕਰ ਕਿਸੇ ਦੀ ਸਿਫਾਰਸ਼ ਹੈ ਤਾਂ ਉਸ ਨੂੰ ਬੀ.ਡੀ.ਪੀ.ਓ. ਦਾ ਚਾਰਜ ਦੇ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ। ਸੁਜੈਸ਼ਨ ਦੀ ਕੋਈ ਲੋੜ ਨਹੀਂ ਹੈ।

**ਸ਼੍ਰੀਮਤੀ ਅਰੁਨਾ ਚੌਧਰੀ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕਦੋਂ ਤੱਕ ਰੈਗੂਲਰਾਈਜ਼ ਕਰੋਗੇ? ਇਸ ਸਬੰਧੀ ਟਾਈਮ ਲਾਈਨ ਦੇ ਦਿਓ? ਬੀ.ਡੀ.ਪੀ.ਓ. ਜੋ ਡਿਜ਼ਰਵ ਕਰਦਾ ਹੈ, ਉਸ ਨੂੰ ਹੀ ਲਗਾਇਆ ਜਾਵੇ, ਪਿਕ ਐਂਡ ਚੂਜ਼ ਦਾ ਕੰਮ ਨਾ ਕੀਤਾ ਜਾਵੇ।

**ਮਾਣਯੋਗ ਸਪੀਕਰ:** ਦੇਖੋ, ਵੈਸੇ ਤਾਂ ਤੁਹਾਡਾ ਮਾਣ-ਸਤਿਕਾਰ ਸਾਰੇ ਹੀ ਕਰਦੇ ਹਨ। ਮੰਤਰੀ ਜੀ, ਬੈਠੇ ਹੀ ਨਹੀਂ, ਜਦੋਂ ਦੇ ਤੁਸੀਂ ਖੜ੍ਹੇ ਹੋ। ਇਹ ਖੜ੍ਹੇ ਹੀ ਹਨ। ਦੇਖੋ, ਤੁਹਾਡਾ ਕਿੰਨਾ ਸਤਿਕਾਰ ਕਰਦੇ ਹਨ।

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਬੀ.ਡੀ.ਪੀ.ਓ. ਦਾ ਚਾਰਜ ਕਲਰਕ ਨੂੰ ਦਿੱਤਾ ਹੋਇਆ ਹੈ। ਪਿਛਲੀਆਂ ਸਰਕਾਰਾਂ ਵਿੱਚ ਵੀ ਅਸਾਮੀਆਂ ਦੀ ਘਾਟ ਕਾਰਨ ਸਹਾਇਕ ਲੇਖਾ, ਸੀਨੀਅਰ ਸਹਾਇਕ ਆਦਿ ਇਨ੍ਹਾਂ ਸਾਰਿਆਂ ਨੂੰ ਸੀ.ਡੀ.ਸੀ. ਦਿੱਤਾ ਜਾਂਦਾ ਰਿਹਾ ਹੈ। ਅਸੀਂ ਬਕਾਇਦਾ ਹਦਾਇਤਾਂ ਅਨੁਸਾਰ ਹੀ ਇਨ੍ਹਾਂ ਨੂੰ ਚਾਰਜ ਦਿੰਦੇ ਹਾਂ। ਬੀ.ਡੀ.ਪੀ.ਓ. ਦੀਆਂ ਅਸਾਮੀਆਂ ਅਸੀਂ ਨਵੇਂ ਸਿਰੇ ਤੋਂ ਭਰਨ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਪਰਪੋਜ਼ਲ ਬਣਾ ਕੇ ਭੇਜ ਰਹੇ ਹਾਂ ਤਾਂ ਕਿ ਜਿਹੜੇ ਬਲਾਕ ਖਾਲੀ ਪਏ ਹਨ, ਉਨ੍ਹਾਂ ਵਿੱਚ ਬੀ.ਡੀ.ਪੀ.ਓ. ਦੀਆਂ ਪੋਸਟਾਂ ਭਰ ਲਈਆਂ ਜਾਣ ਅਤੇ ਪੰਜਾਬ ਦੇ ਧੀਆਂ ਪੁੱਤਰਾਂ ਨੂੰ ਨਵੇਂ ਸਿਰੇ ਤੋਂ ਰੁਜ਼ਗਾਰ ਮਿਲ ਸਕੇ। ਇਹ ਅਸਾਮੀਆਂ ਹੁਣ ਖਾਲੀ ਨਹੀਂ ਹੋਈਆਂ ਹਨ, ਪਿਛਲੀਆਂ ਸਰਕਾਰਾਂ ਨੇ ਭਰਤੀ ਨਹੀਂ ਕੀਤੀ ਤਾਂ ਹੋਈਆਂ ਹਨ। ਅਸੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਯੋਗ ਅਗਵਾਈ ਹੇਠ ਜਿਵੇਂ ਦੂਜੇ ਵਿਭਾਗਾਂ ਵਿੱਚ ਭਰਤੀ ਕਰ ਰਹੇ ਹਾਂ, ਉਸੇ ਤਰ੍ਹਾਂ ਪੰਚਾਇਤ ਵਿਭਾਗ ਵਿੱਚ ਵੀ ਬਹੁਤ ਜ਼ਿਆਦਾ ਮੁਲਾਜ਼ਮਾਂ ਦੀ ਸ਼ਾਰਟੇਜ਼ ਹੈ, ਉਨ੍ਹਾਂ ਦੀ ਭਰਤੀ ਵੀ ਜਲਦੀ ਕਰਾਂਗੇ । ਇਸ ਤੋਂ ਇਲਾਵਾ ਮਾਣਯੋਗ ਮੈਂਬਰ ਸਾਹਿਬ ਦੇ ਜਿਹੜੇ ਸਵਾਲ ਹਨ, ਇਹ ਬਿਲਕੁਲ ਵਾਜ਼ਬ ਹਨ। ਜਿਹੜੇ ਬੀ.ਡੀ.ਪੀ.ਓ. ਹਨ, ਉਸ ਨੂੰ ਹੀ ਚਾਰਜ ਦੇਣਾ ਚਾਹੀਦਾ ਹੈ। ਪਰੰਤੂ ਬੀ.ਡੀ.ਪੀ.ਓ. ਦੀ ਘਾਟ ਹੋਣ ਕਾਰਨ ਹੀ ਸਹਾਇਕ ਲੇਖਾ ਅਤੇ ਸੀਨੀਅਰ ਸਹਾਇਕ ਨੂੰ ਹਦਾਇਤਾਂ ਅਨੁਸਾਰ ਚਾਰਜ ਦਿੰਦੇ ਹਾਂ।

**ਸ਼੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਚਾਰਜ ਅਕਾਓਡਿੰਗ ਟੂ ਸਿਸਟਮ ਦਿੱਤਾ ਜਾਵੇ। ਚਾਰਜ ਸੀਨੀਆਰਟੀਵਾਈਜ਼ ਦੇ ਦਿੱਤਾ ਜਾਵੇ। ਪ੍ਰਿਵਲੇਜ ਕਮੇਟੀ ਵੱਲੋਂ ਕਿਹਾ ਗਿਆ ਕਿ ਜਦੋਂ ਤੱਕ ਇਹ ਨਹੀਂ ਹੋਵੇਗਾ ਤਾਂ ਉਸ ਨੂੰ ਲੇਖਾ ਬਰਾਂਚ, ਪੈਨਸ਼ਨ ਸੈੱਲ ਮੋਹਾਲੀ ਦੇ ਵਿੱਚ ਲਗਾਇਆ ਗਿਆ। ਅਜਿਹੀ ਕਿਆ ਮਜਬੂਰੀ ਸੀ? ਕੀ ਇਹ ਪ੍ਰਿਵਿਲੇਜ ਕਮੇਟੀ ਦੀ ਤੌਹੀਨ ਨਹੀਂ ਹੈ? ਕੀ ਲੇਜਿਸਲੇਚਰ ਦੀ ਤੌਹੀਨ ਨਹੀਂ ਹੈ? ਜੋ ਇੱਕ ਕੇਸ ਡਿਸਾਈਡ ਕੀਤਾ ਹੋਇਆ ਹੈ, ਉਸ ਨੂੰ ਫਿਰ ਦੁਬਾਰਾ ਤੋਂ ਐਜ਼ ਬੀ.ਡੀ.ਪੀ.ਓ. ਲਗਾ ਦਿੱਤਾ।

**ਮਾਣਯੋਗ ਸਪੀਕਰ:** ਮੈਡਮ ਤੁਹਾਡੀ ਗੱਲ ਆ ਗਈ ਹੈ।

**ਸ਼੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਮੇਰਾ ਪੁਆਇੰਟ ਹੈ ਕਿ ਇਹ ਆਰਡਰ ਕਦੋਂ ਵਾਪਸ ਕਰੋਗੇ? ਕਿਉਂਕਿ ਅਸੀਂ ਪ੍ਰਿਵਿਲੇਜ ਕਮੇਟੀ ਦੀ ਮਰਿਆਦਾ ਰੱਖਣੀ ਹੈ। ਇਹ ਮਿੰਨੀ ਹਾਊਸ ਸਮਝਿਆ ਜਾਂਦਾ ਹੈ। ਸਰ, ਇਸ ਦੀ ਮਰਿਆਦਾ ਭੰਗ ਨਹੀਂ ਹੋਣੀ ਚਾਹੀਦੀ ਹੈ। ਸੋ, ਇਸ ਨੂੰ ਬਹਾਲ ਰੱਖਣ ਵਾਸਤੇ ਕਦੋਂ ਤੱਕ ਆਰਡਰ ਵਾਪਸ ਲਓਗੇ? ਕਦੋਂ ਉਸ ਨੂੰ ਆਪਣੀ ਜਗ੍ਹਾ ਤੇ ਵਾਪਸ ਭੇਜੋਗੇ ਔਰ ਆਪਣੇ ਆਰਡਰ ਕੈਂਸਲ ਕਰੋਗੇ?

## RULING BY THE SPEAKER

**ਮਾਣਯੋਗ ਸਪੀਕਰ:** ਥੈਂਕਿਯੂ ਜੀ। ਇੱਕ ਮਿੰਟ ਮੰਤਰੀ ਜੀ, ਬੈਠੋ। ਜਿਹੜੀਆਂ ਵੀ ਵਿਧਾਨ ਸਭਾ ਦੀਆਂ ਕਮੇਟੀਆਂ ਹਨ, ਉਨ੍ਹਾਂ ਨੂੰ ਉਹੀ ਪ੍ਰਿਵਿਲੇਜ ਹਾਸਲ ਹੈ, ਜਿਹੜੀ ਕਿ ਵਿਧਾਨ ਸਭਾ ਨੂੰ ਹੈ ਔਰ ਸਰਕਾਰ ਦਾ ਐਗਜੈਕਟਿਵ ਵਿੰਗ ਵਿਧਾਨ ਸਭਾ ਨੂੰ ਜਵਾਬਦੇਹ ਹੈ, ਨਾ ਕਿ ਵਿਧਾਨ ਸਭਾ ਕਾਰਜਪਾਲਿਕਾ ਨੂੰ। ਸੋ, ਜਿਹੜੀਆਂ ਵੀ ਸਿਫਾਰਸ਼ਾਂ ਕਮੇਟੀਆਂ ਵੱਲੋਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਤੇ ਅਮਲ ਕਰਨਾ ਬਣਦਾ ਹੈ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਇਸ ਚੀਜ਼ ਵੱਲ ਖਾਸ ਧਿਆਨ ਦੇਈਏ। ਥੈਂਕਿਊ, ਹੁਣ ਅਗਲਾ ਸਵਾਲ।

**1030/Manika Rani/Rajneesh kumar**

**1035/Gurpreet kaur**

## STARRED QUESTIONS AND ANSWERS *(Resumption)*

### ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਤਾਲ ਲਈ ਡਿਜੀਟਲ ਮਸ਼ੀਨਾਂ ਉਪਲਬਧ ਕਰਵਾਉਣਾ।

***1007. ਸ੍ਰੀ ਬਲਕਾਰ ਸਿੰਘ ਸਿੱਧੂ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਲਈ ਡਿਜੀਟਲ ਅਲਟਰਾਸਾਊਂਡ ਮਸ਼ੀਨ, ਇੰਡੋਸਕੋਪੀ, ਸਿਟੀ ਸਕੈਨ ਅਤੇ ਐਮ.ਆਰ.ਆਈ. ਮਸ਼ੀਨਾਂ ਉਪਲਬਧ ਨਹੀਂ ਹਨ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਾਲ ਵਿੱਚ ਉਕਤ ਮਸ਼ੀਨਾਂ ਉਪਲੱਬਧ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਜੀ ਹਾਂ ਸ੍ਰੀਮਾਨ ਜੀ, ਅਲਟਰਾਸਾਊਂਡ ਮਸ਼ੀਨ ਦੀ ਖਰੀਦ ਦਾ ਆਰਡਰ ਵਿਭਾਗ ਵੱਲੋਂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਅਤੇ ਜਲਦੀ ਹੀ ਅਲਟਰਾਸਾਊਂਡ ਮਸ਼ੀਨ ਸਥਾਪਤ ਕਰ ਦਿੱਤੀ ਜਾਵੇਗੀ। ਉਸ ਸਮੇਂ ਤੱਕ ਮਰੀਜ਼ਾਂ ਦੀ ਸਹੂਲਤ ਲਈ ਰਾਮਪੁਰਾ ਫੂਲ ਵਿੱਚ ਦੋ ਨਿੱਜੀ ਸੂਚੀਬੱਧ ਕੇਂਦਰਾਂ ਰਾਹੀਂ ਮਰੀਜ਼ਾਂ ਨੂੰ ਸਰਕਾਰ ਵੱਲੋਂ ਅਲਟਰਾਸਾਊਂਡ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਜਦੋਂ ਕਿ ਮਰੀਜ਼ਾਂ ਦੀ ਆਮਦ ਨੂੰ ਦੇਖਦੇ ਹੋਏ ਜ਼ਿਲ੍ਹਾ ਹਸਪਤਾਲ ਬਠਿੰਡਾ ਵਿਖੇ ਐਮ.ਆਰ.ਆਈ ਅਤੇ ਸੀ.ਟੀ. ਸਕੈਨ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਕਿਉਂਕਿ ਇਹ ਹਸਪਤਾਲ 50 ਬਿਸਤਰਿਆਂ ਵਾਲਾ ਸਬ ਡਿਵੀਜ਼ਨ ਹਸਪਤਾਲ ਹੈ, ਜਿਸ ਵਿੱਚ ਮਰੀਜ਼ਾਂ ਦੀ ਆਮਦ ਘੱਟ ਹੈ, ਇਸ ਲਈ ਫਿਲਹਾਲ ਇੱਥੇ ਐਮ.ਆਰ.ਆਈ ਅਤੇ ਸੀ.ਟੀ. ਸਕੈਨ ਮਸ਼ੀਨਾਂ ਲਗਾਉਣ ਦੀ ਕੋਈ ਯੋਜਨਾ ਨਹੀਂ ਹੈ। ਇਹ ਸੱਚ ਹੈ ਕਿ ਸਬ ਡਵੀਜ਼ਨ ਹਸਪਤਾਲ ਰਾਮਪੁਰਾ ਫੂਲ ਵਿਖੇ ਕੋਈ ਵੀ ਇੰਡੋਸਕੋਪੀ ਮਸ਼ੀਨ ਨਹੀਂ ਲਗਾਈ ਗਈ ਹੈ ਕਿਉਂਕਿ ਇਹ ਵਿਸ਼ੇਸ਼ ਮੈਡੀਕਲ ਪ੍ਰਕਿਰਿਆ ਟਰਸ਼ਰੀ ਕੇਅਰ ਹਸਪਤਾਲਾਂ ਵਿੱਚ ਕੀਤੀ ਜਾਂਦੀ ਹੈ। ਇੰਡੋਸਕੋਪੀ ਪ੍ਰਦਾਨ ਕਰਨ ਵਾਲਾ ਸਭ ਤੋਂ ਨਜ਼ਦੀਕੀ ਟਰਸ਼ਰੀ ਕੇਅਰ ਹਸਪਤਾਲ ਏਮਜ਼, ਬਠਿੰਡਾ ਹੈ।

ਸਰ, ਜਿਹੜਾ ਰਾਮਪੁਰਾ ਫੂਲ ਵਿੱਚ ਸਬ-ਡਵੀਜ਼ਨ ਹਸਪਤਾਲ ਹੈ, ਉਸ ਵਿੱਚ ਬਹੁਤ ਜਲਦ ਅਲਟ੍ਰਾਸਾਊਂਡ ਮਸ਼ੀਨ ਅਵੇਲੇਬਲ ਕਰਵਾ ਦਿੱਤੀ ਜਾਵੇਗੀ। ਇਹ ਮਾਨ ਸਰਕਾਰ ਦਾ ਨਵਾਂ ਇਨੀਸ਼ੇਟਵ ਹੈ ਕਿ ਜਿੰਨੀ ਦੇਰ ਮਸ਼ੀਨ ਅਵੇਲੇਬਲ ਨਹੀਂ ਹੁੰਦੀ, ਓਨੀ ਦੇਰ ਲੋਕਾਂ ਨੂੰ ਸਰਵਿਸ ਮਿਲਣੀ ਚਾਹੀਦੀ ਹੈ। ਰਾਮਪੁਰਾ ਫੂਲ ਦੇ ਜੋ ਦੋ ਸੂਚੀਬੱਧ ਹਸਪਤਾਲ ਸੀ, ਉਨ੍ਹਾਂ ਨੂੰ ਇੰਪੈਨਲ ਅਤੇ ਸੂਚੀਬੱਧ ਕਰਕੇ ਅਲਟ੍ਰਾਸਾਊਂਡ ਅਤੇ ਐਕਸਰੇ ਦੀ ਫੈਸਿਲਟੀ ਰਾਮਪੁਰਾ ਫੂਲ ਦੇ ਲੋਕਾਂ ਨੂੰ ਦੇ ਦਿੱਤੀ ਗਈ ਹੈ। ਮਸ਼ੀਨ ਦਾ ਆਰਡਰ ਵੀ ਦੇ ਦਿੱਤਾ ਗਿਆ ਹੈ ਅਤੇ ਮਸ਼ੀਨ ਵੀ ਜਲਦੀ ਦੇ ਦਿੱਤੀ ਜਾਵੇਗੀ। ਇਨ੍ਹਾਂ ਨੇ ਇੰਡੋਸਕੋਪੀ ਦੀ ਗੱਲ ਕੀਤੀ ਹੈ। ਇਹ ਟਰਸ਼ਰੀ ਕੇਅਰ ਹਸਪਤਾਲ ਵਿੱਚ ਹੁੰਦੀ ਹੈ। ਮੈਂ ਤੁਹਾਡੇ ਜ਼ਰੀਏ ਹਾਊਸ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਮਾਨ ਸਰਕਾਰ ਅਜਿਹੀ ਪਹਿਲੀ ਸਰਕਾਰ ਹੈ ਜਿਸ ਨੇ ਸੁਪਰ ਸਪੈਸ਼ਿਲਟੀ ਹਸਪਤਾਲ ਬਣਾ ਕੇ ਪੰਜਾਬ ਇੰਸਟੀਚਿਊਟ ਲੇਬਰ ਆਫ ਦਿੱਲੀ ਸਾਈਸਿੰਜ਼ ਵਿੱਚ ਇੰਡੋਸਕੋਪੀ ਜੋ ਕਿ ਆਰਟੀਫੀਸ਼ਲ ਇੰਟੈਲੀਜੈਂਸ ਏ.ਆਈ. ਅਨੇਬਲਡ ਇੰਡੋਸਕੋਪੀ ਹੈ

ਅਤੇ ਨਾਰਥਨ ਇੰਡੀਆ ਵਿੱਚ ਇਸ ਕਿਸਮ ਦੀ ਪਹਿਲੀ ਇੰਡੋਸਕੋਪੀ ਹੈ, ਅਜਿਹੀ ਸਹੂਲਤ ਨਾ ਤਾਂ ਕਿਸੇ ਕੋਆਪ੍ਰੇਟਿਵ ਹਸਪਤਾਲ ਵਿੱਚ ਅਵੇਲੇਬਲ ਹੈ, ਪੀ.ਜੀ.ਆਈ ਤੋਂ ਬਿਹਤਰ ਮਸ਼ੀਨਾਂ, ਇੰਡੋਸਕੋਪੀ ਡਾਇਗਨੋਸਟਿਕ ਅਤੇ ਉਸ ਦਾ ਟ੍ਰੀਟਮੈਂਟ ਲੇਟੈਸਟ ਮਸ਼ੀਨ ਮੋਹਾਲੀ ਵਿੱਚ ਪੰਜਾਬ ਸਰਕਾਰ ਨੇ ਅਵੇਲੇਬਲ ਕਰਵਾਈ ਹੈ। ਇਸ ਲੈਵਲ ਦੀ ਫੈਸਿਲਟੀ ਹੈ। ਸੀ.ਟੀ ਸਕੈਨਾਂ ਵਿੱਚ ਐਟੋਮਿਕ ਐਨਰਜੀ ਰੈਗੁਲੇਟਰੀਜ਼ ਦੀਆਂ ਬਹੁਤ ਸਾਰੀਆਂ ਗਾਈਡਲਾਈਨਜ਼ ਹੁੰਦੀਆਂ ਹਨ। ਸਾਡੇ ਸਾਰੇ ਜ਼ਿਲ੍ਹਿਆਂ ਵਿੱਚ ਡਿਸਟ੍ਰਿਕਟ ਹਸਪਤਾਲਾਂ ਵਿੱਚ ਸੀ.ਟੀ ਸਕੈਨ ਦੀ ਫੈਸਿਲਟੀ ਅਵੇਲੇਬਲ ਹੈ। ਐਮ.ਆਰ.ਆਈ. ਸਿਰਫ ਛੇ ਹਸਪਤਾਲਾਂ ਵਿੱਚ ਜਿਵੇਂ ਕਿ ਅੰਮ੍ਰਿਤਸਰ, ਪਟਿਆਲਾ, ਜਲੰਧਰ, ਲੁਧਿਆਣਾ, ਮੋਹਾਲੀ ਅਤੇ ਬਠਿੰਡਾ ਵਿੱਚ ਅਵੇਲੇਬਲ ਹੈ। ਉਸ ਨੂੰ ਐਕਸਪੈਂਡ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਸੈਕੰਡਰੀ ਕੇਅਰ ਅਤੇ ਟਰਸ਼ਰੀ ਕੇਅਰ ਵਾਲੀਆਂ ਹਨ। ਇਸ ਵਾਸਤੇ ਸਪੈਸ਼ਲਾਈਜ਼ਡ ਇਕਿਉਅਪਮੈਂਟਸ ਸਪੈਸ਼ਲਾਈਡਜ਼ ਟ੍ਰੀਟਮੈਂਟ, ਮੋਹਾਲੀ ਵਿੱਚ ਪੰਜਾਬ ਇੰਸਟੀਚਿਊਟ ਲੇਬਰ ਆਫ ਦਿੱਲੀ ਸਾਈਸਿੰਜ਼, ਇਸ ਤਰ੍ਹਾਂ ਸਾਡੇ ਜਿਹੜੇ ਡਿਸਟ੍ਰਿਕਟ ਹਸਪਤਾਲ ਹਨ ਉਨ੍ਹਾਂ ਵਿੱਚ ਐਮਰਜੈਂਸੀ ਸਰਵਿਸਿਜ਼ ਨੂੰ ਐਕਸਪੈਂਡ ਕਰ ਰਹੇ ਹਾਂ। ਉਨ੍ਹਾਂ ਨੂੰ ਵੀ ਅਪਗ੍ਰੇਡ ਕਰ ਰਹੇ ਹਾਂ। ਉੱਥੇ ਇਹ ਸਾਰੀਆਂ ਸਹੂਲਤਾਂ 50 ਕਿਲੋਮੀਟਰ ਦੀ ਦੂਰੀ ਤੱਕ ਅਵੇਲੇਬਲ ਹਨ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸ਼੍ਰੀ ਬਲਕਾਰ ਸਿੰਘ ਸਿੱਧੂ:** ਧੰਨਵਾਦ ਜੀ। ਮੈਂ ਇਹੀ ਬੇਨਤੀ ਕਰਾਂਗਾ ਕਿ ਸਾਨੂੰ ਇਹ ਮਸ਼ੀਨਾਂ ਜਲਦ ਤੋਂ ਜਲਦ ਪਹੁੰਚਾਈਆਂ ਜਾਣ। ਧੰਨਵਾਦ ਜੀ।

-----------------

## ਪੰਜ ਏਕੜ ਤੋਂ ਘੱਟ ਦੀ ਮਾਲਕੀ ਰੱਖਦੇ ਕਿਸਾਨਾਂ ਨੂੰ ਮੋਟਰ ਕੁਨੈਕਸ਼ਨ ਦੇਣਾ

***1008. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਕੀ ਬਿਜਲੀ ਮੰਤਰੀ ਕਿਰਪਾ ਦੱਸਣਗੇ ਕਿ ਜੋ ਕਿਸਾਨ ਪੰਜ ਏਕੜ ਤੋਂ ਘੱਟ ਦੀ ਮਾਲਕੀ ਰੱਖਦੇ ਹਨ, ਕੀ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਮੋਟਰ ਕੁਨੈਕਸ਼ਨ ਦੇਣ ਬਾਰੇ ਅਤੇ ਜੋ ਕਿਸਾਨ ਆਪਣੀ ਤਕਸੀਮ ਕਰਵਾਕੇ ਆਪਣਾ ਖਾਤਾ ਅਲੱਗ ਕਰਵਾ ਲੈਂਦੇ ਹਨ, ਉਨ੍ਹਾਂ ਨੂੰ ਲੋਡ ਵਧਾ ਕੇ ਵੱਖਰੇ-ਵੱਖਰੇ ਕੁਨੈਕਸ਼ਨ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ? ਇਸ ਤੋਂ ਇਲਾਵਾ ਜਿਹੜੇ ਕਿਸਾਨਾਂ ਨੇ ਤਕਸੀਮ ਕਰਵਾ ਲਈ ਹੈ ਅਤੇ ਦੋ ਭਰਾਵਾਂ ਕੋਲ 10 ਕਿੱਲੇ ਹਨ ਅਤੇ ਦੋਨਾਂ ਕੋਲ 5-5- ਕਿੱਲੇ ਆ ਗਏ ਹਨ। ਜਦੋਂ ਇੱਕ ਸਾਂਝੀ ਮੋਟਰ ਰਹਿ ਜਾਂਦੀ ਹੈ ਤਾਂ ਲੋਡ ਵਧਾ ਕੇ ਉਨ੍ਹਾਂ ਦੇ ਦੋ

ਕੁਨੈਕਸ਼ਨ ਕਰਨ ਬਾਰੇ ਲੜਾਈ ਝਗੜੇ ਬਹੁਤ ਹੁੰਦੇ ਹਨ। ਕੀ ਸਰਕਾਰ ਛੋਟੇ ਕਿਸਾਨਾਂ ਨੂੰ ਕੁਨੈਕਸ਼ਨ ਦੇਣ ਦੀ ਕੋਈ ਤਜਵੀਜ਼ ਬਣਾ ਰਹੀ ਹੈ?

**ਸਰਦਾਰ ਹਰਭਜਨ ਸਿੰਘ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਮਿਤੀ 14.03.2018 ਦੇ ਹੁਕਮਾਂ ਰਾਹੀਂ ਨਵੇਂ ਡਿਮਾਂਡ ਨੋਟਿਸ ਜਾਰੀ ਨਾ ਕਰਨ ਸਬੰਧੀ (ਸਿਵਾਏ ਸੁਤੰਤਰਤਾ ਸੰਗਰਾਮੀਆਂ ਨੂੰ) ਛੱਡ ਕੇ ਪੀ.ਐਸ.ਪੀ.ਸੀ.ਐਲ. ਨੂੰ ਹਦਾਇਤ ਕੀਤੀ ਗਈ ਸੀ। ਇਸ ਕਰਕੇ ਜੋ ਕਿਸਾਨ ਪੰਜ ਏਕੜ ਤੋਂ ਘੱਟ ਦੀ ਮਾਲਕੀ ਰੱਖਦੇ ਹਨ ਨੂੰ ਨਵੇਂ ਮੋਟਰ ਕੁਨੈਕਸ਼ਨ ਅਤੇ ਜੋ ਕਿਸਾਨ ਆਪਣੀ ਤਕਸੀਮ ਕਰਵਾਕੇ ਆਪਣਾ ਖਾਤਾ ਅਲੱਗ ਕਰਵਾ ਲੈਂਦੇ ਹਨ, ਉਨ੍ਹਾਂ ਨੂੰ ਲੋਡ ਵਧਾ ਕੇ ਵੱਖਰੇ-ਵੱਖਰੇ ਕੁਨੈਕਸ਼ਨ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਵੀ ਬੈਠੇ ਹਨ ਅਤੇ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ। ਜਿਹੜਾ 14-03-2018 ਦਾ ਲੈਟਰ ਹੈ, ਇਸ ਨੂੰ ਅਸੀਂ ਕਿਵੇਂ ਪਾਸ ਕਰ ਸਕਦੇ ਹਾਂ। ਇਸ ਨੂੰ ਲੀਗਲੀ ਕਿਵੇਂ ਕਰ ਸਕਦੇ ਹਾਂ। ਛੋਟੇ ਕਿਸਾਨਾਂ ਨੂੰ ਮੋਟਰ ਕੁਨੈਕਸ਼ਨਾਂ ਦੀ ਬਹੁਤ ਵੱਡੀ ਲੋੜ ਹੈ।

**1035/Gurpreet kaur/Rajneesh kumar**

**1040/Rajneet Kaur**

ਇਸ ਨਾਲ ਬਹੁਤ ਸਾਰੇ ਝਗੜੇ ਮੁੱਕ ਜਾਣਗੇ। ਸਾਲ 2018 ਵਾਲਾ ਜਿਹੜਾ ਲੈਟਰ ਹੈ, ਇਸ ਵਿੱਚ ਕੀ ਕਾਨੂੰਨੀ ਅੜਚਨਾਂ ਹਨ, ਇਸ ਨੂੰ ਦੂਰ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਮੰਤਰੀ ਜੀ, ਇਹ ਬੜਾ ਜ਼ਰੂਰੀ ਹੈ ਕਿਉਂਕਿ 80 ਪ੍ਰਤੀਸ਼ਤ ਲੋੜ ਤਾਂ 5 ਏਕੜ ਤੋਂ ਥੱਲੇ ਹੀ ਹੈ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਧਰਤੀ ਹੇਠਲਾ ਪਾਣੀ ਬਹੁਤ ਜ਼ਰੂਰੀ ਹੈ ਔਰ ਸਾਨੂੰ ਪਤਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਨੀਵਾਂ ਹੋ ਰਿਹਾ ਹੈ। ਸਾਡੇ ਕਾਫੀ ਬਲਾਕ ਡਾਰਕ ਜ਼ੋਨ ਵਿੱਚ ਜਾ ਚੁੱਕੇ ਹਨ। ਇਸ ਵਾਸਤੇ ਸਾਡੇ ਜਲ ਸਰੋਤ ਵਿਭਾਗ, ਨਹਿਰੀ ਵਿਭਾਗ ਦੁਆਰਾ ਟੇਲਾਂ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਪਿਛਲੇ ਸਮੇਂ ਵਿੱਚ ਮਾਨ ਸਰਕਾਰ ਦੁਆਰਾ ਨਹਿਰੀ ਵਿਭਾਗ ਵਿੱਚ ਕਾਫੀ ਸੁਧਾਰ ਕਰਕੇ ਕਈ ਖਾਲ ਨਵੇਂ ਬਣਾ ਕੇ ਅਤੇ ਜਿਹੜੇ ਖਾਲ ਚੱਲ ਨਹੀਂ ਸੀ ਰਹੇ, ਉਨ੍ਹਾਂ ਨੂੰ ਚਲਾ ਕੇ ਟੇਲਾਂ ਤੱਕ ਪਾਣੀ

ਪਹੁੰਚਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਸੋ, ਮੈਂ ਸਮਝਦਾ ਹਾਂ ਕਿ ਨਹਿਰੀ ਵਿਭਾਗ ਇਸ ਸਮੱਸਿਆ ਨੂੰ ਦੂਰ ਕਰਨ ਵਿੱਚ ਜਿਹੜਾ ਯੋਗਦਾਨ ਪਾ ਰਿਹਾ ਹੈ, ਉਹ ਕਾਫੀ ਹੈ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਵੀ ਚਾਹੁੰਦਾ ਹਾਂ ਅਤੇ ਇੱਕ ਸਲਾਹ ਵੀ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇਸ ਸਮੇਂ 14 ਲੱਖ 50 ਹਜ਼ਾਰ ਟਿਊਬਵੈੱਲ ਹਨ। ਜਿਨ੍ਹਾਂ ਲੋਕਾਂ ਕੋਲ ਨਹਿਰੀ ਪਾਣੀ ਹੈ, ਉਨ੍ਹਾਂ ਕੋਲ ਟਿਊਬਵੈੱਲ ਵੀ ਹਨ। ਕਈ ਬੰਦਿਆਂ ਕੋਲ 10 ਏਕੜ ਵਿੱਚ ਦੋ ਦੋ ਟਿਊਬਵੈੱਲ ਵੀ ਹਨ। ਕਿਸੇ 15 ਏਕੜ ਵਾਲੇ ਕੋਲ ਇੱਕ ਟਿਊਬਵੈੱਲ ਹੈ। ਮਾਲਵੇ ਦੇ ਵਿੱਚ 14 ਲੱਖ 50 ਹਜ਼ਾਰ ਵਿੱਚੋਂ 9 ਲੱਖ 64 ਹਜ਼ਾਰ ਟਿਊਬਵੈੱਲ ਹਨ। ਕੀ ਸਰਕਾਰ ਦੀ ਕੋਈ ਤਜਵੀਜ਼ ਹੈ ਕਿ ਇਸ ਸਬੰਧੀ ਰੈਸ਼ੇਨਲਾਈਜੇਸ਼ਨ ਕੀਤਾ ਜਾਵੇ ਕਿਉਂਕਿ ਨਹਿਰਾਂ ਦਾ ਪਾਣੀ ਜਿਹੜੇ ਬੰਦਿਆਂ ਨੂੰ ਮਿਲਦਾ ਹੈ, ਉਨ੍ਹਾਂ ਕੋਲ ਟਿਊਬਵੈੱਲ ਵੀ ਹਨ। ਇਸ ਦੀ ਵਜ੍ਹਾ ਨਾਲ ਸੇਮ ਵੀ ਆਈ ਹੈ, ਮਾਲਵਾ ਬਰਬਾਦ ਵੀ ਹੋਇਆ ਹੈ। ਕਾਟਨ ਬੈਲਟ ਨੂੰ ਅਸੀਂ ਝੋਨੇ ਦੇ ਥੱਲੇ ਲੈ ਆਏ ਹਾਂ। ਸਰਕਾਰ ਦੀ ਰੈਸ਼ੇਨਲਾਈਜੇਸ਼ਨ ਸਬੰਧੀ ਕੋਈ ਤਜਵੀਜ਼ ਜਾਂ ਵਿਚਾਰ ਹੈ ਜਾਂ ਨਹੀਂ ?

**ਮਾਣਯੋਗ ਸਪੀਕਰ** : ਵੈਸੇ ਤਾਂ ਵੱਖਰਾ ਸਵਾਲ ਬਣਦਾ ਹੈ, ਮਾਣਯੋਗ ਸੀ.ਐਮ.ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ** : ਬਿਲਕੁਲ ਜੀ। ਇਨ੍ਹਾਂ ਦਾ ਬੜਾ ਵਧੀਆ ਸਵਾਲ ਹੈ ਔਰ ਸਵਾਲ ਦੇ ਨਾਲ ਡਿਸਕਸ਼ਨ ਵੀ ਹੈ। ਰਾਣਾ ਜੀ ਦੀ ਬਿਲਕੁਲ ਸਹੀ ਗੱਲ ਹੈ ਕਿ ਪੰਜਾਬ ਵਿੱਚ ਇਸ ਸਮੇਂ 14 ਲੱਖ 50 ਹਜ਼ਾਰ ਟਿਊਬਵੈੱਲ ਹਨ। ਇਹ ਸਹੀ ਹੈ ਕਿ ਦੋ ਕਿੱਲੇ ਵਾਲੇ ਕੋਲ ਵੀ ਤੇ ਪੰਜ ਕਿੱਲੇ ਵਾਲੇ ਕੋਲ ਵੀ ਟਿਊਬਵੈੱਲ ਕੁਨੈਕਸ਼ਨ ਹੈ ਬਲਕਿ ਟਰੈਕਟਰ ਵੀ ਹੈ। ਉਹੀ ਟਰੈਕਟਰ 50 ਕਿੱਲੇ ਵਾਲੇ ਕੋਲ ਹੈ ਅਤੇ ਉਹੀ ਟਰੈਕਟਰ 5 ਕਿੱਲੇ ਵਾਲੇ ਕੋਲ ਹੈ। ਸੋ, ਇਸ ਵਕਤ ਸਾਡਾ ਵਿਜ਼ਨ ਇਹ ਹੈ ਕਿ ਪੰਜਾਬ ਦੀਆਂ ਜਿਹੜੀਆਂ ਬੰਦ ਪਈਆਂ ਨਹਿਰਾਂ, ਰਜਵਾਹੇ, ਬਰਸਾਤੀ ਨਦੀਆਂ, ਖਾਲ਼, ਕੱਸੀਆਂ ਹਨ, ਇਵਨ ਕਿ ਉਨ੍ਹਾਂ ਖਾਲ਼ਿਆਂ ਤੇ ਲੋਕਾਂ ਨੇ ਕਬਜ਼ਾ ਕਰ ਲਿਆ ਹੈ। ਅਸੀਂ ਇਸ ਤੇ ਇੱਕ ਪਾਇਲਟ ਕਰਕੇ ਦੇਖਿਆ ਹੈ ਅਤੇ ਨਾਲ ਪੁਲਿਸ ਨੂੰ ਭੇਜਿਆ ਕਿ ਕਿਤੇ ਕਬਜ਼ੇ ਵਾਲਿਆਂ ਨਾਲ ਲੜਾਈ ਨਾ ਹੋ ਜਾਵੇ। ਜਦੋਂ ਲੋਕਾਂ ਨੂੰ ਪੁਲਿਸ ਵਾਲਿਆਂ ਨੇ ਕਿਹਾ ਕਿ ਜਿਹੜਾ ਤੁਹਾਡਾ ਖੇਤ ਹੈ, ਅਸੀਂ ਇਸ ਦਾ ਕਬਜ਼ਾ ਛੁਡਾਉਣ ਨਹੀਂ ਆਏ ਬਲਕਿ ਇਸ ਦੇ ਥੱਲੇ ਦੀ ਪਾਈਪ ਪਾਉਣ ਆਏ ਹਾਂ। ਇਸ ਵਿੱਚ ਅਸੀਂ ਤੁਹਾਡਾ ਵੀ ਪੁਆਇੰਟ ਰੱਖਾਂਗੇ। ਅੱਜ ਕੱਲ੍ਹ ਤਾਂ ਪਰੈਸ਼ਰ ਬਿਲਡ ਕਰਕੇ ਪਾਈਪਾਂ ਰਾਹੀਂ ਪਾਣੀ ਪਹੁੰਚ ਰਿਹਾ ਹੈ। ਇਸ ਦੀਆਂ ਤੁਸੀਂ ਵੀਡੀਓਜ਼ ਵੀ ਦੇਖੀਆਂ ਹੋਣਗੀਆਂ। ਇਸ ਦੀਆਂ ਲੋਕ ਵੀਡੀਓਜ਼ ਬਣਾ ਬਣਾ ਪਾ ਰਹੇ ਹਨ ਕਿ ਅਸੀਂ 35 ਸਾਲਾਂ ਬਾਅਦ ਪਾਣੀ ਦੇਖਿਆ ਹੈ, 25 ਸਾਲਾਂ ਬਾਅਦ ਪਾਣੀ ਦੇਖਿਆ ਹੈ। ਜਿਹੜੀਆਂ ਕੱਸੀਆਂ ਨੂੰ ਪਾਣੀ ਪਹੁੰਚਾ

ਰਹੇ ਹਾਂ, ਇਸ ਦੀ ਹਰ ਰੋਜ਼ ਦੀ 13 ਕਿਲੋਮੀਟਰ ਦੀ ਐਵਰੇਜ ਹੈ, (ਥੰਪਿੰਗ) ਸਵਾਲ ਤਾਂ ਨਵੇਂ ਕੁਨੈਕਸ਼ਨਾਂ ਦਾ ਹੈ ਪਰੰਤੂ ਮੇਰਾ ਮਕਸਦ ਇਹ ਹੈ ਕਿ ਸਾਡੇ ਕੋਲ ਨਹਿਰੀ ਪਾਣੀ ਦੀ ਕਮੀ ਨਹੀਂ ਹੈ, ਨਹਿਰੀ ਪਾਣੀ ਬਹੁਤ ਹੈ। ਹੁਣ ਇੱਕ ਹੋਰ ਨਵੀਂ ਮਾਲਵਾ ਨਹਿਰ ਦੀ ਤਜਵੀਜ਼ ਹੋਈ ਹੈ, ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਨੋਟੀਫਿਕੇਸ਼ਨ ਹੋ ਜਾਵੇਗਾ। ਇੱਕ ਤਾਂ ਜਿਸ ਨੂੰ ਗੰਗ ਕੈਨਾਲ ਕਹਿੰਦੇ ਹਾਂ, ਇੰਦਰਾ ਗਾਂਧੀ ਕੈਨਾਲ ਹਰੀਕੇ ਤੋਂ ਰਾਜਸਥਾਨ ਨੂੰ ਜਾਂਦੀ ਹੈ, ਇਸ ਵਿੱਚ 18 ਹਜ਼ਾਰ ਕਿਊਸਿਕ ਪਾਣੀ ਜਾਂਦਾ ਹੈ। ਇਸਦੇ ਬਿਲਕੁਲ ਪਰਲੇ ਪਾਸੇ ਫਾਜ਼ਿਲਕਾ, ਅਰਨੀਵਾਲਾ, ਪੰਨੀਆਂ ਪਿੰਡਾਂ ਦੇ ਖੇਤਾਂ ਵਾਸਤੇ ਪਾਣੀ ਦਿਆਂਗੇ। ਸਰਹਿੰਦ ਨਹਿਰ ਵਿੱਚ 5 ਹਜ਼ਾਰ ਕਿਊਸਿਕ ਪਾਣੀ ਹੈ। ਕਿਉਂਕਿ ਰਾਜਸਥਾਨ ਵਾਲੀ ਨਹਿਰ ਵਿੱਚੋਂ ਤਾਂ ਵੱਖਰੀ ਨਹਿਰ ਵੀ ਪਾਣੀ ਨਹੀਂ ਪੀ ਸਕਦੀ, ਅਸੀਂ ਉਸ ਵਿੱਚੋਂ ਪਾਣੀ ਕੱਢ ਨਹੀਂ ਸਕਦੇ। ਹੁਣ ਕਰਲੋਸਕਰ ਦੀਆਂ ਮੋਟਰਾਂ ਲਗਾ ਕੇ, ਹੈਵੀ ਟਿਊਬਵੈੱਲ ਰਾਹੀਂ ਨਹਿਰ ਦੇ ਉੱਤੋਂ ਦੀ ਗਿੱਦੜਬਾਹੇ ਵਾਲੇ ਪਾਸੇ ਪਾਣੀ ਸੁੱਟਣਾ ਪੈਂਦਾ ਹੈ। ਇਸ ਤਰ੍ਹਾਂ ਉੱਧਰ ਵੀ ਪਾਣੀ ਘਟ ਜਾਂਦਾ ਹੈ ਅਤੇ ਇੱਧਰ ਵਾਲਿਆਂ ਨੂੰ ਵੀ ਪੂਰਾ ਪਾਣੀ ਨਹੀਂ ਮਿਲਦਾ। ਅਸੀਂ ਸੋਚਿਆ ਕਿ ਇਸ ਨਹਿਰ ਦੇ ਇੱਧਰ ਵਾਲੇ ਪਾਸੇ ਜਿਸ ਦਾ ਨਾਂ ਮਾਲਵਾ ਨਹਿਰ ਰੱਖਿਆ ਹੈ। ਜਿਸ ਨਾਲ ਇੱਧਰ ਵਾਲਿਆਂ ਨੂੰ ਵੀ ਫਾਇਦਾ ਹੋਵੇ ਅਤੇ ਕਰਲੋਸਕਰ ਦੀਆਂ ਮੋਟਰਾਂ ਵੀ ਬੰਦ ਹੋਣਗੀਆਂ ਜਿਸ ਨਾਲ ਬਿਜਲੀ ਦੀ ਬਚਤ ਹੋਵੇਗੀ ਇਸ ਨਾਲ ਫਾਜ਼ਿਲਕਾ ਅਬੋਹਰ ਦੇ ਇਲਾਕਿਆਂ ਨੂੰ ਵੀ ਪਾਣੀ ਦੀ ਕੋਈ ਕਮੀ ਨਹੀਂ ਆਏਗੀ। (ਥੰਪਿੰਗ)

**1045/Kuldeep kaur**

ਸੋ, ਸਾਡਾ ਇਹ ਵਿਜ਼ਨ ਹੈ ਕਿ ਅਸੀਂ ਆਉਣ ਵਾਲੇ 5-6 ਮਹੀਨਿਆਂ ਵਿੱਚ ਯਾਨੀ ਕਿ ਝੋਨੇ ਦੇ ਸੀਜ਼ਨ ਤੋਂ ਬਾਅਦ ਅਗਲੇ ਹਾੜੀ ਦੇ ਸੀਜ਼ਨ ਤੱਕ ਸਾਢੇ 14 ਲੱਖ ਟਿਊਬਵੈੱਲਾਂ ਵਿੱਚੋਂ ਘੱਟੋ-ਘੱਟ 4 ਤੋਂ 5 ਲੱਖ ਟਿਊਬਵੈੱਲ ਅਸੀਂ ਬੰਦ ਕਰਵਾਉਣਾ ਚਾਹੁੰਦੇ ਹਾਂ। ਲੋਕ ਕਹਿਣ ਕਿ ਬਿਜਲੀ ਵੀ ਹੈ ਪਰ ਨਾਲ ਹੀ ਕੱਸੀ ਦਾ ਪਾਣੀ ਵੀ ਹੈ। ਕੱਸੀ ਦਾ ਪਾਣੀ ਅੱਧੇ ਘੰਟੇ ਵਿੱਚ ਇੱਕ ਕਿੱਲਾ ਭਰ ਦਿੰਦਾ ਹੈ, ਧਰਤੀ ਹੇਠਲਾ ਪਾਣੀ ਦੋ ਘੰਟੇ ਵਿੱਚ ਕਿੱਲਾ ਭਰਦਾ ਹੈ। ਕੱਸੀ ਵਾਲੇ ਪਾਣੀ ਵਿੱਚ ਮਿਨਰਲਜ਼ ਵੀ ਹੁੰਦੇ ਹਨ। ਉਹ ਪਹਾੜਾਂ ਵਿੱਚੋਂ ਆਉਂਦਾ ਹੈ ਅਤੇ ਉਸ ਨਾਲ ਉਪਜਾਊ ਸ਼ਕਤੀ ਵੀ ਵਧਦੀ ਹੈ। ਸੋ, ਇਹ ਸਵਾਲ ਜਿਹੜਾ ਕੀਤਾ ਹੈ, ਮੈਂ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਸਵਾਲ ਕਦੇ ਪੈਦਾ ਹੀ ਨਾ ਹੋਵੇ, ਨਹਿਰਾਂ ਅਤੇ ਕੱਸੀਆਂ ਦਾ ਪਾਣੀ ਵਾਧੂ ਮਾਤਰਾ ਵਿੱਚ ਹੋਵੇ ਕਿ ਲੋਕ ਕਹਿਣ ਕਿ ਅਸੀਂ ਹੁਣ ਮੋਟਰ ਨਹੀਂ ਚਲਾਉਣੀ ਕਿਉਂਕਿ ਸਾਡੇ ਕੋਲ ਪੰਜ-ਆਬ, ਪੰਜ ਦਰਿਆਵਾਂ ਦੀ ਧਰਤੀ ਵਿੱਚੋਂ ਸਾਡੇ ਹਿੱਸੇ ਦਾ ਪਾਣੀ ਸਾਡੇ ਖੇਤਾਂ ਨੂੰ ਮਿਲ ਰਿਹਾ ਹੈ। (ਥੰਪਿੰਗ)

**ਮਾਣਯੋਗ ਸਪੀਕਰ**: ਥੈਂਕਯੂ ਜੀ। ਮੇਰਾ ਖਿਆਲ ਹੈ ਕਿ ਜਵਾਬ ਆ ਗਿਆ ਹੈ ਔਰ ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਖਾਰਾ ਪਿੰਡ ਹੈ, ਉੱਥੋਂ ਦੇ ਲੋਕ ਛਾਲਾਂ ਮਾਰਦੇ

ਫਿਰਦੇ ਹਨ ਅਤੇ ਤੁਹਾਨੂੰ ਅਸੀਸਾਂ ਦਿੰਦੇ ਹਨ ਕਿ ਪਿਛਲੇ 60-70 ਸਾਲ ਤੋਂ ਸਾਡੇ ਕੋਲ ਪਾਣੀ ਨਹੀਂ ਆਇਆ ਸੀ। ਜਿਹੜੀ ਤੁਹਾਡੀ ਮਾਲਵਾ ਨਹਿਰ ਦੀ ਪਰਪੋਜ਼ਲ ਹੈ, ਇਸ ਨਾਲ ਤਾਂ ਆਪਣਾ ਸਾਰਾ ਇਲਾਕਾ, ਸਾਰਾ ਪੰਜਾਬ ਬਚੇਗਾ।

------------

## ਹਲਕਾ ਬੰਗਾ ਦੇ ਸਰਕਾਰੀ ਸਕੂਲਾਂ ਦੀਆਂ ਖਾਲੀ ਅਸਾਮੀਆਂ ਭਰਨਾ

***1005. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਸਕੂਲ ਸਿੱਖਿਆ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਗਾ ਬੰਗਾ (ਸ਼ਹੀਦ ਭਗਤ ਸਿੰਘ ਨਗਰ) ਵਿੱਚ ਇਸ ਵੇਲੇ ਕਿੰਨੇ ਤੇ ਕਿਹੜੇ-ਕਿਹੜੇ ਸਰਕਾਰੀ ਸਕੂਲ ਅਧਿਆਪਕਾਂ ਤੋਂ ਬਗੈਰ ਹਨ;

(ਅ) ਇਨ੍ਹਾਂ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਟੀਚਿੰਗ ਅਤੇ ਨਾਲ ਟੀਚਿੰਗ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਆਸਾਮੀਆਂ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਹਰਜੋਤ ਸਿੰਘ ਬੈਂਸ:** ( ੳ) ਹਲਕਾ ਬੰਗਾ (ਸ਼ਹੀਦ ਭਗਤ ਸਿੰਘ ਨਗਰ) ਵਿੱਚ ਮੌਜੂਦਾ ਸਮੇਂ ਵਿੱਚ 4 ਸਕੂਲਾਂ ਵਿੱਚ ਰੈਗੂਲਰ ਅਧਿਆਪਕ ਨਹੀਂ ਹਨ, ਪਰ ਆਰਜ਼ੀ ਤੌਰ ਤੇ ਪ੍ਰਬੰਧ ਕੀਤਾ ਹੋਇਆ ਹੈ।

(ਅ) ਇਨ੍ਹਾਂ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਪ੍ਰਮੋਸ਼ਨ, ਸਿੱਧੀ ਭਰਤੀ ਅਤੇ ਬਦਲੀ ਦੀ ਵਿਧੀ ਰਾਹੀਂ ਭਰਨ ਦੇ ਉਪਰਾਲੇ ਜਲਦ ਹੀ ਕੀਤੇ ਜਾਣਗੇ।

| **ਲੜੀ ਨੰ** | **ਸਕੂਲ ਦਾ ਨਾਮ** | **ਟੀਚਿੰਗ ਸਟਾਫ** | | **ਨਾਨ-ਟੀਚਿੰਗ ਸਟਾਫ** | |
|---|---|---|---|---|---|
| | | **ਮਨਜ਼ੂਰਸ਼ੁਦਾ ਅਸਾਮੀਆਂ** | **ਖਾਲੀ ਅਸਾਮੀਆਂ** | **ਮਨਜ਼ੂਰਸ਼ੁਦਾ ਅਸਾਮੀਆਂ** | **ਖਾਲੀ ਅਸਾਮੀਆਂ** |
| 1 | ਸਰਕਾਰੀ ਮਿਡਲ ਸਕੂਲ ਬਾਜੋਂ | 3 | 3 | 1 | 1 |
| 2 | ਸਰਕਾਰੀ ਮਿਡਲ ਸਕੂਲ | 3 | 3 | 1 | 1 |

| | | | | | |
|---|---|---|---|---|---|
| | ਰਾਇਪੁਰ ਡਾਬਾ | | | | |
| 3 | ਸਰਕਾਰੀ ਮਿਡਲ ਸਕੂਲ ਲੱਖਪੁਰ | 3 | 3 | 1 | 1 |
| 4 | ਸਰਕਾਰੀ ਪ੍ਰਾਇਮਰੀ ਸਕੂਲ ਚੱਕ ਮਾਈ ਦਾਸ | 1 | 1 | 0 | 0 |

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਇਸ ਸਵਾਲ ਦੇ ਭਾਗ (ੳ) ਦਾ ਜਵਾਬ ਆ ਗਿਆ ਹੈ ਲੇਕਿਨ ਭਾਗ (ਅ) ਦਾ ਜਵਾਬ ਮੇਰੇ ਕੋਲ ਨਹੀਂ ਆਇਆ ਹੈ। ਮੰਤਰੀ ਸਾਹਿਬ ਬੜਾ ਵਧੀਆ ਕੰਮ ਕਰ ਰਹੇ ਹਨ ਕਿ ਜਿੱਥੇ ਸਿਰਫ 8000 ਬੱਚਿਆਂ ਨੇ ਐਜੂਕੇਸ਼ਨ ਲੈਣੀ ਹੈ, ਜਿਹੜੇ ਇਹ ਸਕੂਲ ਆਫ ਐਮੀਨੈਂਸ ਬਣਾ ਰਹੇ ਹਨ, ਉਨ੍ਹਾਂ ਦਾ ਤਾਂ ਮੰਤਰੀ ਸਾਹਿਬ ਬੜਾ ਫਿਕਰ ਕਰਦੇ ਹਨ ਪਰ 19,262 ਸਰਕਾਰੀ ਸਕੂਲ ਜਿੱਥੇ 30 ਲੱਖ ਬੱਚੇ ਪੜ੍ਹਦੇ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਸਕੂਲਾਂ ਦਾ ਮੰਤਰੀ ਸਾਹਿਬ ਨੂੰ ਫਿਕਰ ਘੱਟ ਹੈ। ਇਸੇ ਕਰਕੇ ਹੀ ਸਾਡੇ ਹਲਕੇ ਵਿੱਚ 4 ਸਕੂਲ ਟੀਚਰਲੈੱਸ ਹਨ ਪਰ ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਕੱਲ੍ਹ ਉਨ੍ਹਾਂ ਨੇ ਕਿਹਾ ਕਿ ਤੇਰੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਉੱਥੇ ਟੀਚਰ ਆ ਜਾਣਗੇ। ਮੈਂ ਮੰਤਰੀ ਸਾਹਿਬ ਨੂੰ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਜਦੋਂ ਸੈਸ਼ਨ ਲੱਗਾ ਸੀ ਤਾਂ ਉਸ ਵੇਲੇ ਮੇਰੇ ਹਲਕੇ ਵਿੱਚ 3 ਸਕੂਲ ਟੀਚਰਲੈੱਸ ਸਨ। ਮੰਤਰੀ ਸਾਹਿਬ ਨੇ ਮੈਨੂੰ ਕਿਹਾ ਸੀ ਕਿ ਤੁਹਾਡੇ ਸਕੂਲਾਂ ਨੂੰ ਅਸੀਂ ਟੀਚਰਲੈੱਸ ਨਹੀਂ ਰਹਿਣ ਦੇਵਾਂਗੇ ਅਤੇ ਤੁਹਾਡੇ ਜਾਣ ਤੱਕ ਅਸੀਂ ਟੀਚਰ ਦੇ ਦੇਵਾਂਗੇ। 3 ਮਹੀਨੇ ਬਾਅਦ ਉਨ੍ਹਾਂ ਟੀਚਰਲੈੱਸ ਸਕੂਲਾਂ ਦੀ ਗਿਣਤੀ 3 ਤੋਂ ਵੱਧ ਕੇ 4 ਹੋ ਗਈ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕਿਸ ਦੀ ਸਜ਼ਾ ਕਿਸ ਨੂੰ ਦੇ ਰਹੇ ਹੋ? ਮੈਂ ਵੀ ਤੁਹਾਡਾ ਧੰਨਵਾਦ ਕਰਾਂਗਾ ਕਿ ਜੇਕਰ ਤੁਸੀਂ ਮੇਰੇ ਹਲਕੇ ਦੇ ਬੱਚਿਆਂ ਨੂੰ ਟੀਚਰ ਦੇ ਦੇਵੋ ਤਾਂ ਕਿ ਉਹ ਪੜ੍ਹ ਸਕਣ।

**ਮਾਣਯੋਗ ਸਪੀਕਰ**: ਸਰਦਾਰ ਹਰਜੋਤ ਸਿੰਘ ਬੈਂਸ। ਤੁਸੀਂ ਇਨ੍ਹਾਂ ਨੂੰ 3 ਦੀ ਜਗ੍ਹਾ 4 ਸਕੂਲਾਂ ਬਾਰੇ ਪੁੱਛ ਲਿਆ।

**ਸਰਦਾਰ ਹਰਜੋਤ ਸਿੰਘ ਬੈਂਸ** : ਸਰ, ਸਰਕਾਰੀ ਮਿਡਲ ਸਕੂਲ ਬਾਜੋਂ ਵਿੱਚ ਤਿੰਨ ਆਸਾਮੀਆਂ ਟੀਚਿੰਗ ਦੀਆਂ ਹਨ ਅਤੇ ਇੱਕ ਆਸਾਮੀ ਇੱਥੇ ਨਾਨ-ਟੀਚਿੰਗ ਦੀ ਹੈ। ਇੱਥੇ 9 ਬੱਚੇ ਪੜ੍ਹਦੇ ਹਨ ਅਤੇ ਇਹ ਸਕੂਲ ਟੀਚਰਲੈੱਸ ਨਹੀਂ ਹੈ। ਇੱਥੇ ਆਰਜ਼ੀ ਪ੍ਰਬੰਧ ਕੀਤਾ ਹੋਇਆ ਹੈ। ਉੱਥੇ ਸਾਡਾ ਟੀਚਰ ਜਾਂਦਾ ਹੈ ਅਤੇ ਪੜ੍ਹਾਉਂਦਾ ਹੈ। ਦੂਜਾ ਸਕੂਲ ਸਰਕਾਰੀ ਮਿਡਲ ਸਕੂਲ ਰਾਇਪੁਰ ਡਾਬਾ ਹੈ। ਇੱਥੇ ਵੀ ਤਿੰਨ ਅਸਾਮੀਆਂ ਟੀਚਿੰਗ ਦੀਆਂ ਅਤੇ ਇੱਕ ਆਸਾਮੀ ਨਾਨ-ਟੀਚਿੰਗ ਦੀ ਹੈ। ਇੱਥੇ 12 ਬੱਚੇ ਪੜ੍ਹਦੇ ਹਨ। ਸਰ, ਇੱਥੇ ਵੀ ਆਰਜ਼ੀ ਪ੍ਰਬੰਧ ਕੀਤਾ ਹੋਇਆ ਹੈ

ਅਤੇ ਇਹ ਸਕੂਲ ਟੀਚਰਲੈੱਸ ਨਹੀਂ ਹੈ। ਤੀਜਾ ਸਕੂਲ ਸਰਕਾਰੀ ਮਿਡਲ ਸਕੂਲ ਲੱਖਪੁਰ ਹੈ। ਇੱਥੇ ਤਿੰਨ ਆਸਾਮੀਆਂ ਟੀਚਿੰਗ ਦੀਆਂ ਅਤੇ ਇੱਕ ਆਸਾਮੀ ਨਾਨ-ਟੀਚਿੰਗ ਸਟਾਫ ਦੀ ਹੈ। ਇੱਥੇ ਵੀ ਆਰਜ਼ੀ ਪ੍ਰਬੰਧ ਕੀਤਾ ਹੋਇਆ ਹੈ। ਇਸ ਸਕੂਲ ਵਿੱਚ ਕੁੱਲ 13 ਬੱਚੇ ਪੜ੍ਹਦੇ ਹਨ। ਸਰ, ਚੌਥਾ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਮਾਈ ਦਾਸ ਹੈ। ਇੱਥੇ 1 ਟੀਚਿੰਗ ਦੀ ਅਤੇ ਇੱਕ ਨਾਨ ਟੀਚਿੰਗ ਦੀ ਆਸਾਮੀ ਹੈ। ਇੱਥੇ 37 ਬੱਚੇ ਪੜ੍ਹਦੇ ਹਨ। ਇੱਥੇ ਇੱਕ ਆਸਾਮੀ ਹੈ ਪਰ ਮੈਂ ਅੱਜ ਹੀ ਨਿਰਦੇਸ਼ ਦੇ ਦਿੰਦਾ ਹਾਂ ਇਸ ਸਕੂਲ ਵਿੱਚ ਦੂਜਾ ਟੀਚਰ ਅਸੀਂ immediately ਪੋਸਟ ਕਰ ਦੇਵਾਂਗੇ। ਸਾਡੀ ਪਾਲਿਸੀ 30 ਬੱਚਿਆਂ ਦੇ ਉੱਪਰ ਹੈ।

**1045/Kuldeep kaur/Monika sharma**

**1050/Pawan sharma**

ਸਰ, ਵਿਧਾਨ ਸਭਾ ਵਿੱਚ ਮੈਂ ਪਿਛਲੀ ਵਾਰੀ ਵੀ ਸਾਡੀਆਂ ਦੋ ਭਰਤੀਆਂ 5994 ਅਤੇ 2364 ਦੇ ਸਬੰਧ ਵਿੱਚ ਦੱਸਿਆ ਸੀ। 2364 ਦੀ ਜਿਹੜੀ ਪਿਛਲੀ ਸਰਕਾਰ ਦੀ ਭਰਤੀ ਹੈ, ਉਹ ਦੁਬਾਰਾ ਡਬਲ ਬੈਂਚ ਤੋਂ ਬਹਾਲ ਕਰਵਾਈ ਗਈ ਹੈ। ਉਹ ਕੁਝ ਕਲੈਰੀਫਿਕੇਸ਼ਨ ਕਰਕੇ ਹਾਈ ਕੋਰਟ ਵਿੱਚ ਪੈਂਡਿੰਗ ਹੈ। ਇਨ੍ਹਾਂ ਦੋਵੇਂ ਭਰਤੀਆਂ ਦੇ ਐਗਜ਼ਾਮ ਹੋ ਚੁੱਕੇ ਹਨ ਅਤੇ ਰਿਜ਼ਲਟ ਤਿਆਰ ਹੈ। 5994 ਦੀ ਕੱਲ੍ਹ ਤਾਰੀਖ ਸੀ। ਸਾਡੇ ਵੱਲੋਂ ਏ.ਜੀ. ਆਫਿਸ ਦੇ ਸਹਿਯੋਗ ਦੇ ਨਾਲ ਉਹ ਦੋਵੇਂ ਭਰਤੀਆਂ ਜਲਦ ਹੀ ਨੇਪਰੇ ਚਾੜ੍ਹੀਆਂ ਜਾਣਗੀਆਂ। ਸਿਰਫ ਛੋਟੇ ਛੋਟੇ ਕਲੈਰੀਫਿਕੇਸ਼ਨ ਕਰਕੇ they are on the last leg. ਸਰ, ਜਿਵੇਂ ਇਹ ਮੇਰੀਆਂ ਭਰਤੀਆਂ ਕੰਪਲੀਟ ਹੁੰਦੀਆਂ ਹਨ, as I last time mentioned that Punjab will be the first State ਜਿਸ ਦਾ ਕੋਈ ਵੀ ਸਕੂਲ ਟੀਚਰਲੈਸ ਜਾਂ ਸਿੰਗਲ ਟੀਚਰ ਨਹੀਂ ਹੋਵੇਗਾ। ਸਰ, ਅਸੀਂ ਇਸ ਹਾਊਸ ਵਿੱਚ ਕੁਮਿਟ ਕੀਤਾ ਸੀ ਕਿ by 31st of March, ਮਤਲਬ ਅਗਲੇ 20-25 ਦਿਨਾਂ ਤੱਕ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ, ਜਿਸ ਦਾ ਹਰ ਇੱਕ ਪ੍ਰਾਇਮਰੀ, ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲ WiFi ਹੋਵੇਗਾ (ਥੰਪਿੰਗ)। ਸਰ, ਮੈਨੂੰ ਪਤਾ ਸੀ, I have come well prepared. ਸਰ, ਮੇਰੇ ਕੋਲ ਬੰਗੇ ਹਲਕੇ ਦੇ ਸਾਰੇ ਸਕੂਲਾਂ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ) ਦੀ ਡਿਟੇਲ ਹੈ। ਸਰ, ਅੱਜ ਤੱਕ ਇਨ੍ਹਾਂ ਨੇ ਬੱਚਿਆਂ ਨੂੰ ਆਪਣਾ ਮੰਨਿਆ ਨਹੀਂ ਸੀ। ਮੈਂ ਤਾਂ 30 ਲੱਖ ਦੇ 30 ਲੱਖ ਬੱਚਿਆਂ ਨੂੰ ਆਪਣਾ ਮੰਨਿਆ ਹੈ। ਮੈਂ 900 ਸਕੂਲਾਂ ਵਿੱਚ ਖੁੱਦ ਜਾ ਕੇ ਵੇਖਿਆ ਹੈ। 23 ਮਹੀਨਿਆਂ ਦੀ ਸਰਦਾਰ ਭਗਵੰਤ ਮਾਨ ਦੀ ਸਰਕਾਰ ਨੇ 13 ਕਰੋੜ ਰੁਪਏ ਹਲਕਾ ਬੰਗਾ ਦੇ ਸਕੂਲਾਂ ਲਈ ਭੇਜਿਆ ਹੈ, ਜਿਸ ਵਿੱਚੋਂ ਡੇਢ ਕਰੋੜ ਰੁਪਏ ਚਾਰਦੀਵਾਰੀ ਦੇ ਹਨ। There were no boundary walls. ਸਰ, ਕਲਾਸ ਰੂਮਜ਼ ਨਹੀਂ ਸਨ। ਸਰ, ਅਸੀਂ 19000 ਸਕੂਲਾਂ ਵਿੱਚ ਇੱਕ ਲੱਖ ਡੈਸਕ ਭੇਜਿਆ ਹੈ। ਇੱਕ ਲੱਖ

ਡੈਸਕ ਦਾ ਮਤਲਬ ਕਿ ਦੋ ਲੱਖ ਬੱਚਾ ਥੱਲੇ ਬੈਠਦੇ ਸੀ। ਸਰ, ਮੈਂ ਹੈਰਾਨ ਹੋ ਗਿਆ ਕਿ 1600 ਸਕੂਲ ਇਸ ਤਰ੍ਹਾਂ ਦੇ ਹਨ, ਜਿੱਥੇ ਅਜ਼ਾਦੀ ਤੋਂ ਬਾਅਦ ਪਹਿਲੀ ਵਾਰੀ ਬਾਊਂਡਰੀ ਵਾਲ ਬਣ ਰਹੀ ਹੈ। ਇਹ 1200 ਕਿਲੋਮੀਟਰ ਲੰਬੀ ਹੈ। ਇੱਥੇ ਸਾਰੇ ਪਾਰਟੀ ਦੇ ਵਿਧਾਇਕ ਬੈਠੇ ਹਨ, Journalist ਬੈਠੇ ਹਨ, ਤੁਸੀਂ ਪੰਜਾਬ ਦੇ ਪਿੰਡਾਂ ਤੇ ਜਾ ਕੇ ਦੇਖੋ। ਤੁਹਾਨੂੰ ਸੜਕਾਂ ਦੇ ਸੱਜੇ ਖੱਬੇ ਪਾਸੇ ਚਾਰਦੀਵਾਰੀ ਦੀ ਉਸਾਰੀ ਹੁੰਦੀ ਹੋਈ ਦਿਖਾਈ ਦੇਵੇਗੀ। 13 ਹਜ਼ਾਰ ਨਵੇਂ ਕਮਰੇ ਬਣ ਰਹੇ ਹਨ। We are committed, ਇਹ ਸਰਕਾਰ ਸਿੱਖਿਆ ਲਈ committed ਹੈ। ਹੋਰ ਵੀ ਜਿਹੜੀ ਕਮੀ ਹੈ, ਉਹ ਵੀ ਅਸੀਂ ਦੂਰ ਕਰਾਂਗੇ। ਅਸੀਂ ਟੀਚਰ ਰੈਗੂਲਰਾਈਜ਼ ਕੀਤੇ ਹਨ। ਸਰ, ਹਾਈ ਕੋਰਟ ਵਿੱਚ ਕਿਤੇ ਨਾ ਕਿਤੇ ਕੋਈ ਨਾ ਕੋਈ ਪੇਚ ਫਸ ਜਾਂਦਾ ਹੈ। 10 ਹਜ਼ਾਰ ਟੀਚਰ ਆ ਚੁੱਕੇ ਹਨ। So, these are on the last leg. ਸਰ, ਮੈਂ ਖੁਦ ਏ.ਜੀ. ਆਫਿਸ ਵਿੱਚ ਹਰ ਭਰਤੀ ਸਬੰਧੀ ਹਰ ਤਾਰੀਖ ਅਤੇ ਹਰ ਆਰਡਰ ਦੇਖ ਰਿਹਾ ਹਾਂ। ਸਰ, very soon, ਇਨ੍ਹਾਂ ਸਕੂਲਾਂ ਵਿੱਚ ਆਰਜ਼ੀ ਪ੍ਰਬੰਧ ਤਾਂ ਹੈ ਹੀ ਪਰ ਜਿਵੇਂ ਨਵੇਂ ਟੀਚਰ ਭਰਤੀ ਹੋਣਗੇ ਅਸੀਂ ਉੱਥੇ ਜਲਦੀ ਭੇਜਾਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਡਾ. ਸੁਖਵਿੰਦਰ ਕੁਮਾਰ ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਮੰਤਰੀ ਸਾਹਿਬ ਦਾ ਬਹੁਤ ਧੰਨਵਾਦ। ਇਨ੍ਹਾਂ ਨੇ ਕਈ ਕੁਝ ਹਲਕਾ ਬੰਗੇ ਲਈ ਗਿਣਾ ਦਿੱਤਾ।

**ਮਾਣਯੋਗ ਸਪੀਕਰ**: ਡਾਕਟਰ ਸਾਹਿਬ, ਵੈਸੇ ਇੱਕ ਗੱਲ ਹੋਰ ਹੈ, ਜਿਹੜੇ ਸਕੂਲਾਂ ਵਿੱਚ 12-13 ਬੱਚੇ ਪੜ੍ਹਦੇ ਹਨ, ਕੀ ਉਨ੍ਹਾਂ ਨੂੰ ਮਰਜ਼ ਨਾ ਕਰ ਦੇਈਏ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਮੈਂ ਥੋੜ੍ਹਾ ਜਿਹਾ ਸੌਖਾ ਕਰਨ ਲੱਗਿਆ ਹਾਂ। ਸਰ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਬੋਰੀ ਲੈ ਕੇ ਜਾਂਦਾ ਹੁੰਦਾ ਸੀ ਕਿਉਂਕਿ ਉਸ ਵੇਲੇ ਬੈਠਣ ਨੂੰ ਟਾਟ ਵੀ ਨਹੀਂ ਹੁੰਦੀ ਸੀ, ਮੈਂ ਤਾਂ ਡਾਕਟਰ ਬਣ ਗਿਆ। ਇਹ ਚਾਰਦੀਵਾਰੀਆਂ ਨੂੰ ਛੱਡਣ, ਟੀਚਰ ਦੇ ਦੇਣ। ਸਰ, ਜਿਹੜੀ ਗੱਲ ਜ਼ਿਆਦਾ ਜ਼ਰੂਰੀ ਹੈ। ਮੈਂ ਪਿਛਲੀ ਵਾਰੀ ਵੀ ਸਵਾਲ ਕੀਤਾ ਸੀ ਕਿ ਸਰ ਜੇਕਰ number of students ਘੱਟ ਹਨ ਤਾਂ ਪ੍ਰਾਈਵੇਟ ਸਕੂਲਾਂ ਵਿੱਚ 25 ਪ੍ਰਤੀਸ਼ਤ ਬੱਚੇ ਪੜ੍ਹਾਉਣੇ ਪੈਂਦੇ ਹਨ, ਬੱਚੇ ਦੀ choice ਹੈ ਕਿ ਉਸ ਨੇ ਕਿਹੜੇ ਸਕੂਲ ਜਾਣਾ ਹੈ, ਉਸ ਲਈ ਅਸੀਂ ਬਜਟ ਕਿਉਂ ਨਹੀਂ ਰੱਖ ਲੈਂਦੇ। ਜਿਹੜੇ ਸਰਕਾਰੀ ਸਕੂਲਾਂ ਵਿੱਚ ਬੱਚੇ ਘੱਟ ਹਨ, ਉਨ੍ਹਾਂ ਨੂੰ ਕਿਉਂ ਨਹੀਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਇਆ ਜਾਂਦਾ। ਲੋਕ ਤਾਂ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹਨ। ਕਿਉਂ ਨਹੀਂ ਉਨ੍ਹਾਂ ਬੱਚਿਆਂ ਨੂੰ ਚੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਲਈ ਅਲੱਗ ਬਜਟ ਰੱਖਿਆ ਜਾਂਦਾ। ਜਦੋਂ ਤੱਕ ਤੁਸੀਂ ਸਕੂਲਾਂ ਵਿੱਚ ਟੀਚਰ ਮੁਹੱਈਆ ਨਹੀਂ ਕਰਦੇ, ਉੱਨੀ ਦੇਰ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣਾ

ਸ਼ੁਰੂ ਕਿਉਂ ਨਹੀਂ ਕਰ ਦਿੰਦੇ। ਮੰਤਰੀ ਸਾਹਿਬ, ਕੀ ਕੋਈ ਇਸ ਤਰ੍ਹਾਂ ਦੀ ਤਜਵੀਜ਼ ਹੈ ਕਿ ਅਸੀਂ ਉਨ੍ਹਾਂ ਬੱਚਿਆਂ ਨੂੰ ਚੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਸਕੀਏ?

**ਮੰਤਰੀ**: ਸਰ, ਪੰਜਾਬ ਇੱਕ ਇਸ ਤਰ੍ਹਾਂ ਦਾ ਸੂਬਾ ਹੈ, ਜਿਸ ਦੇ ਹਰ ਪਿੰਡ ਵਿੱਚ ਸਕੂਲ ਹਨ। ਸਰ, ਜਿਹੜੀ ਇਹ ਪਾਲਿਸੀ ਹੈ, ਇਸ ਨੂੰ ਪੰਜਾਬ ਨੇ ਅੱਜ ਤੱਕ ਅਡਾਪਟ ਨਹੀਂ ਕੀਤਾ ਕਿਉਂਕਿ ਅਸੀਂ ਆਪਣੇ ਸਰਕਾਰੀ ਸਕੂਲਾਂ ਨੂੰ ਬਹੁਤ ਸ਼ਾਨਦਾਰ ਬਣਾਉਣਾ ਚਾਹੁੰਦੇ ਹਾਂ। ਇਹ ਸਾਡੀ ਕੋਸ਼ਿਸ਼ ਹੈ ਅਤੇ ਅਸੀਂ ਆਲਰੇਡੀ ਸ਼ੁਰੂਆਤ ਕਰ ਚੁੱਕੇ ਹਾਂ। ਜਿਵੇਂ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿੱਚ ਟਰਾਂਸਪੋਰਟ ਸਰਵਿਸ ਹੈ, ਉਸੇ ਹੀ ਤਰਜ਼ ਤੇ ਸਰਕਾਰੀ ਸਕੂਲਾਂ ਦੇ ਤਕਰੀਬਨ 10 ਹਜ਼ਾਰ ਬੱਚੇ/ਲੜਕੀਆਂ ਇਸ ਸੁਵਿਧਾ ਦਾ ਲਾਭ ਲੈ ਰਹੇ ਹਨ। ਸਰ, ਹੌਲੀ ਹੌਲੀ ਅਸੀਂ Transport Facilities ਨੂੰ ਵੀ ਅੱਪਗ੍ਰੇਡ ਕਰਾਂਗੇ। ਸਰ, ਮੈਂ ਇਸ ਲਈ ਸਾਰੇ ਹਾਊਸ ਦਾ ਸਹਿਯੋਗ ਚਾਹੁੰਦਾ ਹਾਂ, ਇਹ ਮਿਡਲ ਸਕੂਲ ਬੰਦ ਹੋਣੇ ਚਾਹੀਦੇ ਹਨ। ਜੇਕਰ ਐਮ.ਐਲ.ਏ. ਸਾਹਿਬ ਸਾਥ ਦੇਣ ਤਾਂ ਮੈਂ ਇਹ ਤਿੰਨੋਂ ਸਕੂਲ ਬੰਦ ਕਰਾਵਾਂਗਾ। ਸਰ, ਆਲੇ ਦੁਆਲੇ ਸਕੂਲਾਂ ਲਈ We will arrange the transport facilities. ਸਰ, ਦੁੱਖ ਇਸ ਗੱਲ ਦਾ ਹੈ ਕਿ ਹਰ ਬੰਦਾ ਇਹ ਕਹਿੰਦਾ ਹੈ ਕਿ ਸਾਡਾ ਸਕੂਲ (ਹਰ ਪਿੰਡ ਵਿੱਚ 12ਵੀਂ ਵਾਲਾ) ਅੱਪਗ੍ਰੇਡ ਕਰ ਦਿਓ। Sir, we are focusing ਕਿ ਅਸੀਂ ਹਰ 5-7 ਜਾਂ 10 ਕਿਲੋਮੀਟਰ ਵਿੱਚ ਇੱਕ ਸਕੂਲ ਇਸ ਤਰ੍ਹਾਂ ਦਾ ਬਣਾਈਏ, ਜਿੱਥੇ ਸਭ ਕੁਝ ਹੋਵੇ। ਸ਼ਾਨਦਾਰ ਖੇਡ ਸੁਵਿਧਾਵਾਂ ਵੀ ਹੋਣ ਅਤੇ ਅਸੀਂ ਟਰਾਂਸਪੋਰਟ ਸਰਵਿਸ ਦੇਈਏ। ਜੇਕਰ ਸਾਰੇ ਵਿਧਾਇਕ ਸਾਹਿਬਾਨ ਸਾਡਾ ਸਾਥ ਦੇਣਗੇ ਤਾਂ ਬਹੁਤ ਜਲਦੀ ਇਹ ਅਸੀਂ ਅਚੀਵ ਕਰਾਂਗੇ (ਥੰਪਿੰਗ)। ਸਰ, ਅੱਜ ਮਿਡਲ ਸਕੂਲਾਂ ਦੇ ਇਹ ਹੀ ਹਾਲਾਤ ਹਨ। ਸਰ, 2500 ਮਿਡਲ ਸਕੂਲ ਹਨ, ਉਨ੍ਹਾਂ ਦੇ ਵਿੱਚ ਟੀਚਰ ਨਹੀਂ ਹੈ, ਇਹ ਹੀ ਟੀਚਰ ਸਾਡੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਜਾਣਗੇ।

**1050/Pawan sharma/Shubham jain**

**1055/Jaspal Singh**

**ਮਾਣਯੋਗ ਸਪੀਕਰ**: ਇਹ ਤੁਹਾਨੂੰ ਪਿਆਰ ਕਰਦੇ ਹਨ, ਇਨ੍ਹਾਂ ਨੇ ਤਿੰਨ ਤੋਂ ਚਾਰ ਪੁੱਛਿਆ ਹੈ, ਇਨ੍ਹਾਂ ਨੇ ਦੋ ਤੋਂ ਤਿੰਨ ਨਹੀਂ ਪੁੱਛਿਆ ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ।

**ਮਾਣਯੋਗ ਸਪੀਕਰ**: ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਜਿਹੜੇ ਸਰਕਾਰੀ ਸਕੂਲ ਹਨ ਉਨ੍ਹਾਂ ਨੂੰ ਹੀ ਕਰਾਂਗੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਜਵਾਬ ਨਹੀਂ ਆਇਆ। ਕੋਈ ਬਜਟ ਰੱਖਣਾ ਹੈ ਜਾਂ ਨਹੀਂ ਰੱਖਣਾ। ਜੇ ਦੋ ਸਾਲ ਸਕੀਮ ਨਹੀਂ ਬਣਦੀ ਤਾਂ ਜਿਹੜੇ ਬੱਚੇ ਸਕੂਲ ਵਿੱਚ ਪੜ੍ਹ ਰਹੇ ਹਨ, ਬਜਟ ਨਾ ਰੱਖਣ ਕਾਰਨ ਤਾਂ ਕੀ ਉਹ ਅਨਪੜ੍ਹ ਰਹਿ ਜਾਣਗੇ?

**ਮਾਣਯੋਗ ਸਪੀਕਰ:** ਠੀਕ ਹੈ ਜੀ। ਤੁਸੀਂ ਬੈਠੋ। ਆਪਾਂ ਅੱਗੇ ਚੱਲਦੇ ਹਾਂ। ਰਾਜਾ ਵੜਿੰਗ ਜੀ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਸਾਰੇ ਦਾ ਸਾਰਾ ਜਿਹੜਾ ਸਿਹਰਾ ਹੈ to be very honest ਵੈਸੇ ਸਾਡੇ ਮੰਤਰੀ ਸਾਹਿਬ ਵਧੀਆ ਕੰਮ ਕਰ ਰਹੇ ਹਨ...

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ, ਸਿਹਰਾ ਫਿਰ ਲੈ ਲੈਣਾ। ਸਿਹਰਾ ਤਾਂ ਪਤਾ ਹੀ ਹੈ ਤਾਂ ਹੀ ਇੱਧਰ ਆ ਗਏ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਵੈਸੇ ਸੁੱਖੀ ਜੀ ਨੇ ਠੀਕ ਕਿਹਾ ਕਿ ਜਿਥੇ 12-12 ਸਟੂਡੈਂਟ ਹਨ, ਉਥੇ ਕੋਈ ਨਾ ਕੋਈ ਤਜਵੀਜ਼ ਲਿਆਉਣੀ ਚਾਹੀਦੀ ਹੈ ਪਰ ਚਲੋ ਮੰਤਰੀ ਸਾਹਿਬ ਠੀਕ ਕਰ ਰਹੇ ਹਨ ਪਰ ਇਸ ਦਾ ਸਿਹਰਾ ਇਸ ਸਦਨ ਦੇ ਵਿੱਚ ਨਾ ਲਿਆ ਜਾਵੇ।

**ਮਾਣਯੋਗ ਸਪੀਕਰ:** ਤੁਸੀਂ ਹੁਣ ਸਵਾਲ ਪੁੱਛ ਲਵੋ ਜੀ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਸੁਣ ਲਵੋ ਜੀ, ਇੱਕ ਸਕਿੰਟ ਸੁਣ ਲਵੋ ਜੀ। ਸਪੀਕਰ ਸਾਹਿਬ, ਉਹ ਬੈਠੇ ਹਨ, ਪਹਿਲੇ ਆਈ.ਏ.ਐਸ.ਅਫਸਰ, ਸ੍ਰੀ ਕ੍ਰਿਸ਼ਨ ਕੁਮਾਰ, ਜਿਨ੍ਹਾਂ ਦੀ ਕਿਰਪਾ ਦੇ ਸਦਕਾ ਇਹ ਸਿਹਰਾ ਉਸ ਵਿਅਕਤੀ ਨੂੰ ਜਾਂਦਾ ਹੈ, ਪਿਛਲੀ ਸਰਕਾਰ ਦਰਮਿਆਨ ਜਿਸ ਪ੍ਰਕਾਰ ਸਕੂਲਾਂ ਦਾ ਨਿਰਮਾਣ ਤੇ ਕੰਮ ਕੀਤਾ।

**ਮਾਣਯੋਗ ਸਪੀਕਰ:** ਇਹ ਤੁਸੀਂ ਡਿਸਕਸ਼ਨ ਵਿਚ ਲੈ ਆਇਉ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਮੈਂ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ, ਮੰਤਰੀ ਸਾਹਿਬ ਵੀ ਵਧੀਆ ਕੰਮ ਕਰ ਰਹੇ ਹਨ ਪਰ ਉਸ ਵਿਕਅਤੀ ਨੂੰ ਨਾ ਭੁੱਲਿਆ ਜਾਵੇ, ਜਿਨ੍ਹਾਂ ਨੇ ਇਹ ਇਨਕਲਾਬ ਲਿਆਂਦਾ ਹੈ। (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਤੁਸੀਂ ਬੈਠੋ, ਬੈਠੋ ਰਾਜਾ ਜੀ। ਤੁਸੀਂ ਬੈਠੋ ਜੀ। (ਵਿਘਨ) ਸਰਦਾਰ ਮਨਜੀਤ ਸਿੰਘ ਜੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਮੈਂ ਤਾਂ ਰਾਜਾ ਜੀ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਿਹਰਾ ਉਨ੍ਹਾਂ ਨੂੰ ਜਾਂਦਾ ਹੈ, ਚਲੋ ਧੰਨਵਾਦ ਹੈ ਪਰ ਇਹ ਇਥੇ ਪੰਜ ਸਾਲ ਮਧਾਣੀਆਂ ਹੀ ਬਣਾਉਂਦੇ ਰਹੇ। (ਹਾਸਾ)

**ਮਾਣਯੋਗ ਸਪੀਕਰ:** ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਵਾਲ ਨੰ: 936

**ਮਾਣਯੋਗ ਸਪੀਕਰ**: ਸਰਦਾਰ ਹਰਭਜਨ ਸਿੰਘ ਲੋਕ ਨਿਰਮਾਣ ਮੰਤਰੀ ਜਵਾਬ ਦੇਣਗੇ।

**ਡਾਕਟਰ ਰਾਜ ਕੁਮਾਰ:** ਸਰ, ਇਸ ਤੋਂ ਪਹਿਲਾਂ ਮੇਰੀ ਟਰਨ ਹੈ।

**ਮਾਣਯੋਗ ਸਪੀਕਰ**: ਤੁਸੀਂ ਬੈਠ ਜਾਉ।

**ਡਾਕਟਰ ਰਾਜ ਕੁਮਾਰ:** ਸਰ, ਤੁਹਾਡੀ ਸੀਕੁਐਂਸ ਉਤੇ ਹੀ ਚੱਲ ਰਿਹਾ ਹੈ, ਮੇਰਾ ਸਵਾਲ ਪਹਿਲਾਂ ਬਣਦਾ ਹੈ ਜੀ। ਸਪੀਕਰ ਸਾਹਿਬ, ਇਹ ਸਵਾਲ ਜ਼ਰੂਰੀ ਹੈ।

--------------------

## ਪਾਇਲ ਸ਼ਿਵ ਮੰਦਿਰ ਵਾਲੀ ਸੜਕ ਦੀ ਰਿਪੇਅਰ ਕਰਨਾ

***936. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਾਇਲ ਸ਼ਿਵ ਮੰਦਿਰ ਵਾਲੀ ਸੜਕ ਦੀ ਰਿਪੇਅਰ ਕਰਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ**: ਪਾਇਲ ਤੋਂ ਦਾਊਮਾਜਰਾ ਲਿੰਕ ਸੜਕ ਦੀ ਸਪੈਸ਼ਲ ਰਿਪੇਅਰ (ਫੇਜ਼ 6) ਪ੍ਰੋਗਰਾਮ ਅਧੀਨ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰਨ ਹਿੱਤ ਪੰਜਾਬ ਮੰਡੀ ਬੋਰਡ ਨੂੰ ਭੇਜਿਆ ਜਾ ਚੁੱਕਿਆ ਹੈ। ਬਜਟ ਉਪਬੰਧ ਅਤੇ ਫੰਡਜ਼ ਦੀ ਉਪਲਬਧਤਾ ਹੋਣ ਉਪਰੰਤ ਇਸ ਕੰਮ ਨੂੰ ਕਰਵਾਇਆ ਜਾਵੇਗਾ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਜ਼ਰੀਏ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਤੇ ਦੱਸਣਾ ਚਾਹੁੰਦਾ ਹਾਂ ਕਿ ਇਥੇ ਜਿਹੜਾ ਮੰਦਿਰ ਹੈ, ਇਹ 500 ਸਾਲ ਪੁਰਾਣਾ ਸ਼ਿਵ ਮੰਦਿਰ ਹੈ, ਇਸ ਦੀ ਬਹੁਤ ਮਹਾਨਤਾ ਹੈ ਅਤੇ ਇਥੇ ਲੱਖਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ਪਰ ਸੜਕ ਦੀ ਹਾਲਤ ਬਹੁਤ ਖਸਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਇਸ ਸੜਕ ਲਈ ਕੋਈ ਸਪੈਸ਼ਲ ਫੰਡਾਂ ਦਾ ਅਰੇਂਜਮੈਂਟ ਕਰਕੇ ਇਸ ਨੂੰ ਜਲਦੀ ਤੋਂ ਜਲਦੀ ਠੀਕ ਕਰਵਾ ਸਕਦੇ ਹਾਂ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਡਾਕਟਰ ਰਾਜ ਕੁਮਾਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਨੂੰ ਆਪਣੇ ਸਵਾਲ ਨੂੰ ਪੁੱਟ ਕਰਨ ਲਈ ਵਾਰ ਵਾਰ ਬੇਨਤੀ ਕਰ ਰਹੇ ਸਨ ਤੇ ਕਹਿ ਰਹੇ ਹਨ ਕਿ ਅੱਜ ਦੀ ਲਿਸਟ ਵਿੱਚ ਉਨ੍ਹਾਂ ਦਾ ਸਵਾਲ ਇਸ ਸਵਾਲ ਤੋਂ ਪਹਿਲਾਂ ਬਣਦਾ ਹੈ।)

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਪਾਇਲ ਤੋਂ ਸ਼ਿਵ ਮੰਦਿਰ ਸੜਕ ਜੋ ਕਿ ਲਿੰਕ ਰੋਡ ਪਾਇਲ ਤੋਂ ਦਾਊਮਾਜਰਾ ਦਾ ਹਿੱਸਾ ਹੈ, ਇਸ ਦੀ ਕੁੱਲ ਲੰਬਾਈ 4.05 ਕਿਲੋਮੀਟਰ ਤੇ ਚੌੜਾਈ 10 ਫੁੱਟ ਹੈ। ਸ਼ਿਵ ਮੰਦਿਰ ਇਸ ਸੜਕ ਤੇ 600 ਮੀਟਰ ਤੇ ਸਥਿਤ ਹੈ। ਮਾਣਯੋਗ ਮੈਂਬਰ ਸਾਹਿਬ, ਇਹ ਮੰਦਿਰ 600 ਮੀਟਰ ਉਤੇ ਸਥਿਤ ਹੈ। ਪਾਇਲ ਤੋਂ ਦਾਊਮਾਜਰਾ ਲਿੰਕ ਸੜਕ ਦੀ ਸਪੈਸ਼ਲ ਰਿਪੇਅਰ ਜੂਨ, 2016 ਵਿਚ ਕੀਤੀ ਗਈ ਸੀ, ਜੋ ਹੁਣ ਖਾਸ ਮੁਰੰਮਤ ਲਈ ਡਿਊ ਹੈ। ਇਸ ਸੜਕ ਨੂੰ ਲਿੰਕ ਰੋਡ ਦੇ ਖਾਸ ਮੁਰੰਮਤ ਫੇਜ਼ 6 ਪ੍ਰੋਗਰਾਮ ਅਧੀਨ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰਨ ਹਿਤ ਮੈਂਬਰ ਸਾਹਿਬ ਪੰਜਾਬ ਮੰਡੀ ਬੋਰਡ ਨੂੰ ਭੇਜਿਆ ਜਾ ਚੁੱਕਾ ਹੈ। ਬਜਟ ਉਪਬੰਧ ਅਤੇ ਉਪਲਬਧਤਾ ਹੋਣ ਉਪਰੰਤ ਇਸ ਕੰਮ ਨੂੰ ਜਲਦ ਹੀ ਕਰਵਾ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ** : ਗਿਆਸਪੁਰਾ ਸਾਹਿਬ, ਤੁਹਾਡਾ ਜਿਹੜਾ ਸਵਾਲ ਨੰਬਰ 935 ਸੀ, ਉਹ ਪਹਿਲਾਂ ਲੈਣਾ ਸੀ, ਚਲੋ ਕੋਈ ਗੱਲ ਨਹੀਂ, ਤੁਹਾਡਾ ਜਵਾਬ ਆ ਗਿਆ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੇਰਾ skip ਕੀਤਾ ਸਵਾਲ ਵੀ ਕਰਨ ਦਾ ਮੈਨੂੰ ਮੌਕਾ ਦਿੱਤਾ ਕਿਉਂਕਿ ਮੈਂ ਜਦ ਤੋਂ ਕੰਪਿਊਟਰ ਆਨ ਕੀਤਾ ਤਾਂ ਚੱਲਿਆ ਨਹੀਂ ਸੀ।

**ਮਾਣਯੋਗ ਸਪੀਕਰ:** ਠੀਕ ਹੈ, ਤੁਸੀਂ ਬੈਠੋ, ਬੈਠੋ। ਤੁਹਾਡਾ ਹੋ ਗਿਆ। ਹਾਂ ਜੀ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ।

**1100/Beant kaur**

## ਸਹਿਕਾਰੀ ਅਤੇ ਪ੍ਰਾਈਵੇਟ ਮਿੱਲਾਂ ਦੁਆਰਾ ਕਿਸਾਨਾਂ ਨੂੰ ਗੰਨੇ ਦੀ ਬਕਾਇਆ ਰਾਸ਼ੀ ਦੇਣਾ

***998. ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਹਿਕਾਰੀ ਅਤੇ ਪ੍ਰਾਈਵੇਟ ਮਿੱਲਾਂ ਦੁਆਰਾ ਕ੍ਰਮਵਾਰ ਪੰਜਾਬ ਦੇ ਕਿਸਾਨਾਂ ਨੂੰ ਗੰਨੇ ਦੀ ਦੇਣ ਯੋਗ ਬਕਾਇਆ ਰਕਮ ਕਿੰਨੀ ਹੈ;

(ਅ) ਕਿਸਾਨਾਂ ਦੇ ਬਕਾਏ ਦੇਣ ਵਿੱਚ ਦੇਰੀ ਦੇ ਕੀ ਕਾਰਨ ਹਨ ਅਤੇ ਬਕਾਇਆ ਰਾਸ਼ੀ ਕਦੋਂ ਤੱਕ ਕਿਸਾਨਾਂ ਨੂੰ ਅਦਾ ਕਰ ਦਿੱਤੀ ਜਾਵੇਗੀ?

**ਸਥਾਨਕ ਸਰਕਾਰਾਂ ਮੰਤਰੀ (ਸਰਦਾਰ ਬਲਕਾਰ ਸਿੰਘ) :**

(ੳ) ਸਹਿਕਾਰੀ ਖੰਡ ਮਿੱਲਾਂ

ਚੱਲ ਰਹੇ ਸੀਜ਼ਨ 2023-24 ਲਈ, ਸਹਿਕਾਰੀ ਖੰਡ ਮਿੱਲਾਂ ਵੱਲੋਂ 540.95 ਕਰੋੜ ਰੁਪਏ ਦੀ ਕੀਮਤ ਦੇ ਗੰਨੇ ਦੀ ਪਿੜਾਈ ਕੀਤੀ ਹੈ। ਜਿਸ ਵਿੱਚੋਂ 340.42 ਕਰੋੜ ਰੁਪਏ ਮਿੱਲਾਂ ਦੁਆਰਾ ਜਾਰੀ ਕੀਤੇ ਜਾ ਚੁੱਕੇ ਹਨ ਅਤੇ 200.53 ਕਰੋੜ ਰੁਪਏ ਦਾ ਭੁਗਤਾਨ ਅਜੇ ਬਾਕੀ ਹੈ।

<u>ਨਿੱਜੀ ਖੰਡ ਮਿੱਲ</u>

ਰਾਜ ਵਿੱਚ ਪਿੜ੍ਹਾਈ ਸੀਜ਼ਨ 2023-24 ਦੌਰਾਨ 6 ਪ੍ਰਾਈਵੇਟ ਖੰਡ ਮਿੱਲਾਂ ਚੱਲ ਰਹੀਆਂ ਹਨ। ਇਹਨਾਂ ਪ੍ਰਾਈਵੇਟ ਖੰਡ ਮਿੱਲਾਂ ਵੱਲ ਮਿਤੀ 26-02-2024 ਤੱਕ ਗੰਨੇ ਦੀ ਬਕਾਇਆ ਰਕਮ ਹੇਠ ਲਿਖੇ ਅਨੁਸਾਰ ਹੈ।

(ਕਰੋੜ ਰੁਪਇਆਂ ਵਿੱਚ)

| **ਲੜੀ ਨੰ.** | **ਮਿੱਲ ਦਾ ਨਾਂ** | **ਬਣਦੀ ਰਕਮ** | **ਅਦਾ ਕੀਤੀ ਰਕਮ** | **ਬਕਾਇਆ ਰਕਮ** |
|---|---|---|---|---|
| 1 | ਰਾਣਾ ਖੰਡ ਮਿੱਲਾ ਬੁੱਟਰਸੇਵੀਆਂ | 204.37 | 111.23 | 93.14 |
| 2 | ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ | 115.40 | 52.12 | 63.28 |
| 3 | ਏ.ਬੀ.ਸੂਗਰ ਮਿੱਲ, ਦਸੂਹਾ | 278।70 | 207।57 | 71।13 |
| 4 | ਇੰਡੀਅਨ ਸੁਕਰੇਜ਼ ਲਿਮਟਿਡ ਮੁਕੇਰੀਆਂ | 271.98 | 175.33 | 96.65 |
| 5 | ਨਾਹਰ ਖੰਡ ਮਿੱਲ ਅਮਲੋਹ | 129.35 | 100.91 | 28.44 |
| 6 | ਚੱਢਾ ਖੰਡ ਮਿੱਲ ਕੀੜੀ ਅਫਗਾਨਾ | 245.91 | 133.15 | 112.76 |

ਇਸ ਤੋ ਇਲਾਵਾ ਦੋ ਪ੍ਰਾਈਵੇਟ ਖੰਡ ਮਿੱਲਾਂ ਦੀ ਪਿਛਲੇ ਪਿੜ੍ਹਾਈ ਸਾਲਾਂ ਦੀਆਂ ਬਕਾਇਆ ਰਹਿੰਦੀ ਅਦਾਇਗੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(ਕਰੋੜ ਰੁਪਇਆਂ ਵਿੱਚ)**

| ਲੜੀ ਨੰ. | ਖੰਡ ਮਿੱਲ ਦਾ ਨਾਮ | ਪਿੜ੍ਹਾਈ ਸਾਲ 2020-21 | ਪਿੜ੍ਹਾਈ ਸਾਲ 2021-22 | ਪਿੜ੍ਹਾਈ ਸਾਲ 2022-23 |
|---|---|---|---|---|
| 1 | ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ। | 1.70 | 31.41 | -- |
| 2 | ਭਗਵਾਨਪੁਰਾ ਸ਼ੂਗਰ ਮਿੱਲ ਧੂਰੀ। | -- | -- | 1.04 |

**(ਅ) ਸਹਿਕਾਰੀ ਖੰਡ ਮਿੱਲਾਂ**

ਸੀਜ਼ਨ 2022-23 ਤੱਕ ਗੰਨੇ ਦਾ ਕੋਈ ਬਕਾਇਆ ਨਹੀਂ ਹੈ। ਸਹਿਕਾਰੀ ਖੰਡ ਮਿੱਲਾਂ ਵੱਲੋਂ ਚਾਲੂ ਸੀਜ਼ਨ 2023-24 ਦੌਰਾਨ ਲਗਾਤਾਰ ਗੰਨੇ ਦੀ ਅਦਾਇਗੀ ਕੀਤੀ ਜਾ ਰਹੀ ਹੈ।

**ਨਿੱਜੀ ਖੰਡ ਮਿੱਲ**

ਗੰਨਾ ਕਿਸਾਨਾਂ ਦੀ ਪਿਛਲੇ ਸਾਲਾਂ ਦੀ ਬਕਾਇਆ ਪੇਮੈਂਟ ਸਬੰਧੀ ਦੱਸਿਆ ਜਾਂਦਾ ਹੈ ਕਿ ਮੈਸ: ਭਗਵਾਨਪੁਰਾ ਸ਼ੂਗਰ ਮਿੱਲ ਧੂਰੀ ਵੱਲੋ ਆਪਣੇ ਹਿੱਸੇ ਦੀ ਸਟੇਟ ਐਗਰੀਡ ਪ੍ਰਾਈਸ ਵਿੱਚੋ ਬਣਦੀ ਰਕਮ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਪੰਜਾਬ ਸਰਕਾਰ ਦੇ ਹਿੱਸੇ ਦੀ ਬਕਾਇਆ ਰਕਮ 1.04 ਕਰੋੜ ਰੁਪਏ ਦੀ ਅਦਾਇਗੀ ਜਲਦ ਹੀ ਕਰ ਦਿੱਤੀ ਜਾਵੇਗੀ। ਮੈਸ: ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ ਦੇ ਪਿਛਲੇ ਪਿੜ੍ਹਾਈ ਸਾਲਾਂ ਦੀ ਅਦਾਇਗੀ ਅਦਾਇਗੀ ਕਰਵਾਉਣ ਲਈ ਦਫਤਰ ਕੇਨ ਕਮਿਸ਼ਨਰ ਪੰਜਾਬ, ਵੱਲੋ ਦਿ ਪੰਜਾਬ ਸ਼ੂਗਰਕੇਨ ( ਰੈਗੂਲੇਸ਼ਨ ਆੱਫ ਪ੍ਰਚੇਜ਼ ਐਂਡ ਸਪਲਾਈ) ਰੂਲਜ਼ 1958 ਦੇ ਰੂਲ 18(6) ਅਤੇ ਸ਼ੂਗਰਕੇਨ ਕੰਟਰੋਲ ਆਰਡਰ 1966 ਦੀ ਧਾਰਾ 3(8) ਅਤੇ 3(9) ਤਹਿਤ ਰੈਵੀਨਿਊ ਰਿਕਵਰੀ ਐਕਟਰ 1890 ਦੇ ਸੈਕਸ਼ਨ 5 ਅਧੀਨ ਜ਼ਿਲ੍ਹਾ ਕੁਲੈਕਟਰ ਐਸ.ਏ.ਐਸ ਨਗਰ ਨੂੰ ਗੰਨੇ ਦੀ ਬਕਾਇਆ ਪੇਮੈਂਟ ਨੂੰ ਲੈਂਡ ਏਰੀਅਰ ਵਜੋ ਰਿਕਵਰ ਕਰਨ ਲਈ ਰਿਕਵਰੀ ਸਰਟੀਫਿਕੇਟ ਜਾਰੀ ਕਰਨ ਲਈ ਲਿਖਿਆ ਗਿਆ ਸੀ।ਜਿਸ ਤਹਿਤ ਜ਼ਿਲ੍ਹਾ ਕੁਲੈਕਟਰ ਐਸ.ਏ.ਐਸ ਨਗਰ ਵੱਲੋ ਬਣਦੀ ਰਕਮ ਦਾ ਰਿਕਵਰੀ ਸਰਟੀਫਿਕੇਟ ਜ਼ਿਲ੍ਹਾ ਕੁਲੈਕਟਰ ਕਪੂਰਥਲਾ, ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅਗਲੇਰੀ ਕਾਰਵਾਈ ਸਬੰਧਤ ਜ਼ਿਲ੍ਹਾ ਕੁਲੈਕਟਰ ਵੱਲੋ ਕੀਤੀ ਜਾ ਰਹੀ ਹੈ।

ਪ੍ਰਾਈਵੇਟ ਖੰਡ ਮਿੱਲਾਂ ਦੇ ਵਿੱਤੀ ਹਾਲਾਤਾਂ ਨੂੰ ਦੇਖਦੇ ਹੋਏ ਪ੍ਰਾਈਵੇਟ ਖੰਡ ਮਿੱਲਾਂ ਦੀ ਸਹਾਇਤਾ ਲਈ ਰਾਜ ਸਰਕਾਰ ਵੱਲੋ ਪਿਛਲੇ ਸਾਲਾਂ ਦੌਰਾਨ ਗੰਨੇ ਦੇ ਸਟੇਟ ਐਗਰੀਡ ਪ੍ਰਾਈਸ ਵਿੱਚੋ ਹੇਠ ਲਿਖੇ ਅਨੁਸਾਰ ਕਿਸਾਨਾਂ ਦੇ ਖਾਤਿਆਂ ਵਿੱਚ ਬਣਦੀ ਅਦਾਇਗੀ ਕੀਤੀ ਗਈ:-

| **ਲੜੀ ਨੰ.** | **ਪਿੜਾਈ ਸਾਲ** | **ਗੰਨੇ ਦਾ ਸਟੇਟ ਐਗਰੀਡ ਪ੍ਰਾਈਸ (ਅਗੇਤੀਆਂ,** | **ਪੰਜਾਬ ਸਰਕਾਰ ਦਾ ਹਿੱਸਾ** | **ਪੰਜਾਬ ਸਰਕਾਰ ਵੱਲੋ ਅਦਾ ਕੀਤੀ ਰਕਮ (ਕਰੋੜ** |
|---|---|---|---|---|

| | | | | |
|---|---|---|---|---|
| | | **ਦਰਮਿਆਨੀਆਂ, ਪਿਛੇਤੀਆਂ ਕਿਸਮਾਂ)** | | **ਰੁਪਏ)** |
| 1 | 2021-22 | 360,350,345 | 35/- ਰੁਪਏ ਪ੍ਰਤੀ ਕੁਇੰਟਲ | 162.16 |
| 2 | 2022-23 | 380,370,365 | 50/-, 43.33, 40/- ਰੁਪਏ ਪ੍ਰਤੀ ਕੁਇੰਟਲ (ਅਗੇਤੀ, ਦਰਮਿਆਨੀ ਅਤੇ ਪਿਛੇਤੀ ਕਿਸਮ) | 239.55 |
| 3 | 2023-24 | 391,381 | 55.50 ਰੁਪਏ ਪ੍ਰਤੀ ਕੁਇੰਟਲ | -- |

(ੳ) ਸਹਿਕਾਰੀ ਖੰਡ ਮਿੱਲਾਂ

ਚੱਲ ਰਹੇ ਸੀਜ਼ਨ 2023-24 ਲਈ, ਸਹਿਕਾਰੀ ਖੰਡ ਮਿੱਲਾਂ ਵੱਲੋਂ 540.95 ਕਰੋੜ ਰੁਪਏ ਦੀ ਕੀਮਤ ਦੇ ਗੰਨੇ ਦੀ ਪਿੜਾਈ ਕੀਤੀ ਹੈ। ਜਿਸ ਵਿੱਚੋਂ 340.42 ਕਰੋੜ ਰੁਪਏ ਮਿੱਲਾਂ ਦੁਆਰਾ ਜਾਰੀ ਕੀਤੇ ਜਾ ਚੁੱਕੇ ਹਨ ਅਤੇ 200.53 ਕਰੋੜ ਰੁਪਏ ਦਾ ਭੁਗਤਾਨ ਅਜੇ ਬਾਕੀ ਹੈ।

ਨਿੱਜੀ ਖੰਡ ਮਿੱਲ

ਰਾਜ ਵਿੱਚ ਪਿੜ੍ਹਾਈ ਸੀਜ਼ਨ 2023-24 ਦੌਰਾਨ 6 ਪ੍ਰਾਈਵੇਟ ਖੰਡ ਮਿੱਲਾਂ ਚੱਲ ਰਹੀਆਂ ਹਨ। ਇਹਨਾਂ ਪ੍ਰਾਈਵੇਟ ਖੰਡ ਮਿੱਲਾਂ ਵੱਲ ਮਿਤੀ 26-02-2024 ਤੱਕ ਗੰਨੇ ਦੀ ਬਕਾਇਆ ਰਕਮ ਹੇਠ ਲਿਖੇ ਅਨੁਸਾਰ ਹੈ।

(ਕਰੋੜ ਰੁਪਇਆਂ ਵਿੱਚ)

| **ਲੜੀ ਨੰ.** | **ਮਿੱਲ ਦਾ ਨਾਂ** | **ਬਣਦੀ ਰਕਮ** | **ਅਦਾ ਕੀਤੀ ਰਕਮ** | **ਬਕਾਇਆ ਰਕਮ** |
|---|---|---|---|---|

| | | | | |
|---|---|---|---|---|
| 1 | ਰਾਣਾ ਖੰਡ ਮਿੱਲਾ ਬੁੱਟਰਸੇਵੀਆਂ | 204.37 | 111.23 | 93.14 |
| 2 | ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ | 115.40 | 52.12 | 63.28 |
| 3 | ਏ.ਬੀ.ਸ਼ੂਗਰ ਮਿੱਲ, ਦਸੂਹਾ | 278।70 | 207।57 | 71।13 |
| 4 | ਇੰਡੀਅਨ ਸੁਕਰੇਜ਼ ਲਿਮਟਿਡ ਮੁਕੇਰੀਆਂ | 271.98 | 175.33 | 96.65 |
| 5 | ਨਾਹਰ ਖੰਡ ਮਿੱਲ ਅਮਲੋਹ | 129.35 | 100.91 | 28.44 |
| 6 | ਚੱਢਾ ਖੰਡ ਮਿੱਲ ਕੀੜੀ ਅਫਗਾਨਾ | 245.91 | 133.15 | 112.76 |

ਇਸ ਤੋ ਇਲਾਵਾ ਦੋ ਪ੍ਰਾਈਵੇਟ ਖੰਡ ਮਿੱਲਾਂ ਦੀ ਪਿਛਲੇ ਪਿੜ੍ਹਾਈ ਸਾਲਾਂ ਦੀਆਂ ਬਕਾਇਆ ਰਹਿੰਦੀ ਅਦਾਇਗੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(ਕਰੋੜ ਰੁਪਇਆਂ ਵਿੱਚ)**

| ਲੜੀ ਨੰ. | ਖੰਡ ਮਿੱਲ ਦਾ ਨਾਮ | ਪਿੜ੍ਹਾਈ ਸਾਲ 2020-21 | ਪਿੜ੍ਹਾਈ ਸਾਲ 2021-22 | ਪਿੜ੍ਹਾਈ ਸਾਲ 2022-23 |
|---|---|---|---|---|
| 1 | ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ। | 1.70 | 31.41 | -- |
| 2 | ਭਗਵਾਨਪੁਰਾ ਸ਼ੂਗਰ ਮਿੱਲ ਧੂਰੀ। | -- | -- | 1.04 |

**(ਅ) <u>ਸਹਿਕਾਰੀ ਖੰਡ ਮਿੱਲਾਂ</u>**

ਸੀਜ਼ਨ 2022-23 ਤੱਕ ਗੰਨੇ ਦਾ ਕੋਈ ਬਕਾਇਆ ਨਹੀਂ ਹੈ। ਸਹਿਕਾਰੀ ਖੰਡ ਮਿੱਲਾਂ ਵੱਲੋਂ ਚਾਲੂ ਸੀਜ਼ਨ 2023-24 ਦੌਰਾਨ ਲਗਾਤਾਰ ਗੰਨੇ ਦੀ ਅਦਾਇਗੀ ਕੀਤੀ ਜਾ ਰਹੀ ਹੈ।

**ਨਿੱਜੀ ਖੰਡ ਮਿੱਲ**

ਗੰਨਾ ਕਿਸਾਨਾਂ ਦੀ ਪਿਛਲੇ ਸਾਲਾਂ ਦੀ ਬਕਾਇਆ ਪੇਮੈਂਟ ਸਬੰਧੀ ਦੱਸਿਆ ਜਾਂਦਾ ਹੈ ਕਿ ਮੈਸ: ਭਗਵਾਨਪੁਰਾ ਸ਼ੂਗਰ ਮਿੱਲ ਧੂਰੀ ਵੱਲੋ ਆਪਣੇ ਹਿੱਸੇ ਦੀ ਸਟੇਟ ਐਗਰੀਡ ਪ੍ਰਾਈਸ ਵਿੱਚੋ ਬਣਦੀ ਰਕਮ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਪੰਜਾਬ ਸਰਕਾਰ ਦੇ ਹਿੱਸੇ ਦੀ ਬਕਾਇਆ ਰਕਮ 1.04 ਕਰੋੜ ਰੁਪਏ ਦੀ ਅਦਾਇਗੀ ਜਲਦ ਹੀ ਕਰ ਦਿੱਤੀ ਜਾਵੇਗੀ। ਮੈਸ: ਗੋਲਡਨ ਸੰਧਰ ਮਿਲਜ਼ ਲਿਮ, ਫਗਵਾੜਾ ਦੇ ਪਿਛਲੇ ਪਿੜ੍ਹਾਈ ਸਾਲਾਂ ਦੀ ਅਦਾਇਗੀ ਅਦਾਇਗੀ ਕਰਵਾਉਣ ਲਈ ਦਫਤਰ ਕੇਨ ਕਮਿਸ਼ਨਰ ਪੰਜਾਬ, ਵੱਲੋ ਦਿ ਪੰਜਾਬ ਸ਼ੂਗਰਕੇਨ (ਰੈਗੂਲੇਸ਼ਨ ਆੱਫ ਪ੍ਰਚੇਜ਼ ਐਂਡ ਸਪਲਾਈ) ਰੂਲਜ਼ 1958 ਦੇ ਰੂਲ 18(6) ਅਤੇ ਸ਼ੂਗਰਕੇਨ ਕੰਟਰੋਲ ਆਰਡਰ 1966 ਦੀ ਧਾਰਾ 3(8) ਅਤੇ 3(9) ਤਹਿਤ ਰੈਵੀਨਿਊ ਰਿਕਵਰੀ ਐਕਟਰ 1890 ਦੇ ਸੈਕਸ਼ਨ 5 ਅਧੀਨ ਜ਼ਿਲ੍ਹਾ ਕੁਲੈਕਟਰ ਐਸ.ਏ.ਐਸ ਨਗਰ ਨੂੰ ਗੰਨੇ ਦੀ ਬਕਾਇਆ ਪੇਮੈਂਟ ਨੂੰ ਲੈਂਡ ਏਰੀਅਰ ਵਜੋ ਰਿਕਵਰ ਕਰਨ ਲਈ ਰਿਕਵਰੀ ਸਰਟੀਫਿਕੇਟ ਜਾਰੀ ਕਰਨ ਲਈ ਲਿਖਿਆ ਗਿਆ ਸੀ।ਜਿਸ ਤਹਿਤ ਜ਼ਿਲ੍ਹਾ ਕੁਲੈਕਟਰ ਐਸ.ਏ.ਐਸ ਨਗਰ ਵੱਲੋ ਬਣਦੀ ਰਕਮ ਦਾ ਰਿਕਵਰੀ ਸਰਟੀਫਿਕੇਟ ਜ਼ਿਲ੍ਹਾ ਕੁਲੈਕਟਰ ਕਪੂਰਥਲਾ, ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅਗਲੇਰੀ ਕਾਰਵਾਈ ਸਬੰਧਤ ਜ਼ਿਲ੍ਹਾ ਕੁਲੈਕਟਰ ਵੱਲੋ ਕੀਤੀ ਜਾ ਰਹੀ ਹੈ।

ਪ੍ਰਾਈਵੇਟ ਖੰਡ ਮਿੱਲਾਂ ਦੇ ਵਿੱਤੀ ਹਾਲਾਤਾਂ ਨੂੰ ਦੇਖਦੇ ਹੋਏ ਪ੍ਰਾਈਵੇਟ ਖੰਡ ਮਿੱਲਾਂ ਦੀ ਸਹਾਇਤਾ ਲਈ ਰਾਜ ਸਰਕਾਰ ਵੱਲੋ ਪਿਛਲੇ ਸਾਲਾਂ ਦੌਰਾਨ ਗੰਨੇ ਦੇ ਸਟੇਟ ਐਗਰੀਡ ਪ੍ਰਾਈਸ ਵਿੱਚੋ ਹੇਠ ਲਿਖੇ ਅਨੁਸਾਰ ਕਿਸਾਨਾਂ ਦੇ ਖਾਤਿਆਂ ਵਿੱਚ ਬਣਦੀ ਅਦਾਇਗੀ ਕੀਤੀ ਗਈ:-

| **ਲੜੀ ਨੰ.** | **ਪਿੜਾਈ ਸਾਲ** | **ਗੰਨੇ ਦਾ ਸਟੇਟ ਐਗਰੀਡ ਪ੍ਰਾਈਸ (ਅਗੇਤੀਆਂ, ਦਰਮਿਆਨੀਆਂ, ਪਿਛੇਤੀਆਂ ਕਿਸਮਾਂ)** | **ਪੰਜਾਬ ਸਰਕਾਰ ਦਾ ਹਿੱਸਾ** | **ਪੰਜਾਬ ਸਰਕਾਰ ਵੱਲੋ ਅਦਾ ਕੀਤੀ ਰਕਮ (ਕਰੋੜ ਰੁਪਏ)** |
|---|---|---|---|---|
| 1 | 2021-22 | 360,350,345 | 35/- ਰੁਪਏ ਪ੍ਰਤੀ ਕੁਇੰਟਲ | 162.16 |

| | | | | |
|---|---|---|---|---|
| 2 | 2022-23 | 380,370,365 | 50/-,43.33, 40/- ਰੁਪਏ ਪ੍ਰਤੀ ਕੁਇੰਟਲ (ਅਗੇਤੀ, ਦਰਮਿਆਨੀ ਅਤੇ ਪਿਛੇਤੀ ਕਿਸਮ) | 239.55 |
| 3 | 2023-24 | 391,381 | 55.50 ਰੁਪਏ ਪ੍ਰਤੀ ਕੁਇੰਟਲ | -- |

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਇਹ ਬਕਾਇਆ ਕਦੋਂ ਤੱਕ ਦਿੱਤਾ ਜਾਵੇਗਾ ਅਤੇ ਹਾਲੇ ਤੱਕ ਕਿਉਂ ਨਹੀਂ ਦਿੱਤਾ ਗਿਆ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਰਿਪੋਰਟ ਆਈ ਹੈ, ਇਹ 27 ਫਰਵਰੀ ਤੱਕ ਦੀ ਹੈ, ਜਿਹੜਾ ਬਕਾਇਆ ਚਲਾ ਗਿਆ ਹੈ। ਹੁਣ ਦੋ-ਤਿੰਨ ਦਿਨਾਂ ਵਿੱਚ ਹੋਰ ਵੀ ਚਲਾ ਗਿਆ ਹੋਵੇਗਾ ਅਤੇ ਜਲਦੀ ਹੀ ਅਪ੍ਰੈਲ ਤੱਕ ਦੇ ਦਿੱਤੇ ਜਾਣਗੇ।

-------

## ਸੰਗਰੂਰ ਦੇ ਪਿੰਡ ਚੰਨੋ ਦੇ ਸਰਕਾਰੀ ਸਕੂਲ ਵਿੱਚ ਮੈਡੀਕਲ ਅਤੇ ਨਾਨ ਮੈਡੀਕਲ ਸਟਰੀਮ ਸ਼ੁਰੂ ਕਰਨਾ

***1000. ਸ਼੍ਰੀਮਤੀ ਨਰਿੰਦਰ ਕੌਰ ਭਰਾਜ** : ਕੀ ਸਕੂਲ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਹਲਕਾ ਸੰਗਰੂਰ ਦੇ ਪਿੰਡ ਚੰਨੋ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ +1 ਅਤੇ +2 ਕਲਾਸਾਂ ਲਈ ਮੈਡੀਕਲ ਅਤੇ ਨਾਨ ਮੈਡੀਕਲ ਸਟਰੀਮ ਸ਼ੁਰੂ ਨਹੀਂ ਕੀਤੀ ਗਈ; ਜੇਕਰ ਅਜਿਹਾ ਹੈ ਤਾਂ ਕੀ ਇਸ ਸਕੂਲ ਵਿਖੇ ਮੈਡੀਕਲ ਅਤੇ ਨਾਨ ਮੈਡੀਕਲ ਸਟਰੀਮ ਸ਼ੁਰੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਵੇਰਵੇ ਦਿੱਤੇ ਜਾਣ।

**ਸਰਦਾਰ ਹਰਜੋਤ ਸਿੰਘ ਬੈਂਸ :** ਨਹੀਂ ਜੀ। ਹਲਕਾ ਸੰਗਰੂਰ ਦੇ ਪਿੰਡ ਚੰਨੋ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ +1 ਅਤੇ +2 ਕਲਾਸਾਂ ਲਈ ਮੈਡੀਕਲ ਅਤੇ ਨਾਨ ਮੈਡੀਕਲ ਸਟਰੀਮ ਸ਼ੁਰੂ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਾਲਿਸੀ ਅਨੁਸਾਰ, ਸਕੂਲ ਵਿੱਚ ਜਿੰਨੇ ਬੱਚੇ ਹੋ ਜਾਂਦੇ ਹਨ, ਉਸ ਹਿਸਾਬ ਨਾਲ ਉਸ ਸਕੂਲ ਵਿੱਚ ਸਟ੍ਰੀਮਜ਼ ਦਿੱਤੀਆਂ ਜਾਂਦੀਆਂ ਹਨ ਜਾਂ ਆਸ ਪਾਸ ਦੀ ਪੈਰੀਫੇਰੀ ਜਾਂ ਰੇਡੀਅਸ ਦੇਖਿਆ ਜਾਂਦਾ ਹੈ।

--------

## WRITTEN ANSWERS TO STARRED QUESTIONS UNDER RULE 38

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

Details of roads constructed in Constituency Chabbewal

*957. ਡਾਕਟਰ ਰਾਜ ਕੁਮਾਰ : ਕੀ ਲੋਕ ਨਿਰਮਾਣ (ਬੀਐਂਡਆਰ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਪ੍ਰੈਲ 2022 ਤੋਂ ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਕੁੱਲ ਕਿੰਨੇ ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦੀ ਮੁਰੰਮਤ/ਖਾਸ ਮੁਰੰਮਤ ਅਤੇ ਅਪ੍ਰੈਲ 2022 ਤੋਂ ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਕੁੱਲ ਕਿੰਨੇ ਕਿਲੋਮੀਟਰ ਸੜਕਾਂ ਦੀ ਉਸਾਰੀ ਕੀਤੀ ਗਈ ਹੈ, ਸਮੇਤ ਇਹਨਾਂ ਸੜਕਾਂ ਦੇ ਨਾਮ ਅਤੇ ਵੇਰਵੇ ?

**ਸਰਦਾਰ ਹਰਭਜਨ ਸਿੰਘ**: ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ ਕੁੱਲ 91.65 ਕਿ.ਮੀ. ਲੰਬਾਈ ਦੀਆਂ ਸੜਕਾਂ ਦੀ ਰਿਪੇਅਰ/ਸਪੈਸ਼ਲ ਰਿਪੇਅਰ ਕੀਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

- ਸਪੈਸ਼ਲ ਰਿਪੇਅਰ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ **50.88** ਕਿ.ਮੀ ਅਤੇ ਕੁੱਲ ਲਾਗਤ **747.20** ਲੱਖ ਰੁਪਏ ਆਈ ।
- ਪ੍ਰੀਮੈਚਿਉਰ ਡੈਮੇਜਡ ਰਿਪੇਅਰ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ **40.77** ਕਿ.ਮੀ ਅਤੇ ਕੁੱਲ ਲਾਗਤ **370.56** ਲੱਖ ਰੁਪਏ ਆਈ।

(ਇਹਨਾਂ ਕੰਮਾਂ ਦੀ ਸੂਚੀ ਨਾਲ ਨੱਥੀ ਹੈ)

ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ ਕੁੱਲ 45.20 ਕਿ.ਮੀ. ਲੰਬਾਈ ਦੀਆਂ ਸੜਕਾਂ ਦੀ **ਨਵੀਂ ਉਸਾਰੀ** ਕੀਤੀ ਗਈ ਹੈ, **ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ**:-

- ਪੰਜਾਬ ਨਿਰਮਾਣ ਪ੍ਰੋਗਰਾਮ ਅਧੀਨ ਨਵੀਂ ਉਸਾਰੀ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ **11.22** ਕਿ.ਮੀ ਅਤੇ ਕੁੱਲ ਲਾਗਤ **195.24** ਲੱਖ ਰੁਪਏ ਆਈ।
- ਪੰਜਾਬ ਮੰਡੀ ਬੋਰਡ ਫੰਡਿਡ ਸਕੀਮ ਅਧੀਨ ਨਵੀਂ ਉਸਾਰੀ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ **33.98** ਕਿ.ਮੀ ਅਤੇ ਕੁੱਲ ਲਾਗਤ **735.18** ਲੱਖ ਰੁਪਏ ਆਈ।

---------------------------

**To open a Trauma Centre at Guru Gobind Singh Medical College & Hospital**

*** 945:Sardar Gurdit Singh Sekhon:** Will the Health & Family Welfare, Medical Education & Research, Elections be pleased to state that:

Whether there is any proposal under consideration of the Government to open a Trauma Centre at Guru Gobind Singh Medical College & Hospital, Faridkot; if so, the time by which it is likely to be done?

**Dr. Balbir Singh:**There is no proposal to set up a trauma center at Guru Gobind Singh Medical College and Hospital, Faridkot under Baba Farid University of Health Sciences, Faridkot. If any proposal is received from the organization/government in the near future, appropriate action will be taken as per the instructions issued by the Government of India for setting up a trauma center.

-------------------

**ਰੋਪੜ ਸ਼ਹਿਰ ਵਿੱਚ ਸਦਾ ਬਰਤ ਨੇਚਰ ਟਰੇਲ ਦੀ ਜ਼ਮੀਨ ਦੀ ਸਾਂਭ ਸੰਭਾਲ**

***984. ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਸ਼ਹਿਰ ਵਿੱਚ ਮੌਜੂਦ ਸਦਾ ਬਰਤ ਨੇਚਰ ਟਰੇਲ ਦੀ ਜ਼ਮੀਨ ਦਾ ਰਕਬਾ ਕਿੰਨਾ ਹੈ; ਇਸ ਨੇਚਰ ਟਰੇਲ ਦੀ ਸਾਂਭ ਸੰਭਾਲ ਅਤੇ ਇਸ ਨੂੰ ਈਕੋ ਟੂਰਿਸਟ ਸਾਈਟ ਵੱਜੋਂ ਵਿਕਸਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਸ਼੍ਰੀ ਲਾਲ ਚੰਦ:** ਸ਼੍ਰੀਮਾਨ ਜੀ,ਸਦਾ ਬਰਤ ਜੰਗਲ ਰੋਪੜ ਵਣ ਮੰਡਲ ਵਿੱਚ ਸਥਿਤ ਇੱਕ ਸੁਰੱਖਿਅਤ ਜੰਗਲ ਹੈ, ਜਿਸ ਦਾ ਖੇਤਰਫਲ 29.60 ਹੈਕਟੇਅਰ ਹੈ। ਨਾਗਰਿਕਾਂ, ਬੱਚਿਆਂ ਅਤੇ ਸੈਲਾਨੀਆਂ ਵਿੱਚ ਕੁਦਰਤ ਪ੍ਰਤੀ ਜਾਗਰੂਕਤਾ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਇਸ ਜੰਗਲ ਵਿੱਚ 1.5 ਕਿਲੋਮੀਟਰ ਦੀ ਸਦਾ ਬਰਤ ਨੇਚਰ ਟਰੇਲ ਤਿਆਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇੱਥੇ ਟੈਂਟ ਵਾਲੇ ਘਰ, ਬਰਡ ਵਾਚ ਟਾਵਰ, ਹਰਬਲ ਗਾਰਡਨ, ਜਨਤਕ ਸਹੂਲਤਾਂ ਜਿਵੇਂ ਪਖਾਨੇ, ਬੈਂਚ ਅਤੇ ਸੋਲਰ ਲਾਈਟਾਂ ਆਦਿ ਨੂੰ ਸ਼ਾਮਲ ਕਰਨ ਲਈ ਤਜਵੀਜ ਤਿਆਰ ਕੀਤੀ ਜਾ ਰਹੀ ਹੈ, ਜੋ ਕਿ ਅਗਲੇ ਵਿੱਤੀ ਸਾਲ ਦੌਰਾਨ ਪ੍ਰਵਾਨਗੀ ਲਈ ਵਿਚਾਰ ਲਈ ਜਾਵੇਗੀ।

-----------------------

ਅੰਮ੍ਰਿਤਸਰ ਦੇ ਮਕਬੂਲ ਰੋਡ (ਰਤਨ ਸਿੰਘ ਚੌਂਕ ਤੋਂ ਰੇਸ ਕੋਰਸ ਰੋਡ) ਨੂੰ ਕਮਰਸ਼ੀਅਲ ਘੋਸ਼ਿਤ ਕਰਨਾ

---

***978.** ਕੁੰਵਰ ਵਿਜੈ ਪ੍ਰਤਾਪ ਸਿੰਘ: ਕੀ ਸਥਾਨਕ ਸਰਕਾਰ ਮੰਤਰੀ, ਪੰਜਾਬ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਅੰਮ੍ਰਿਤਸਰ ਦੀ ਮਕਬੂਲ ਰੋਡ (ਰਤਨ ਸਿੰਘ ਚੌਂਕ ਤੋਂ ਰੇਸ ਕੋਰਸ ਰੋਡ) ਨੂੰ ਵਪਾਰਕ ਘੋਸ਼ਿਤ ਕਰ ਦਾ ਕੋਈ ਪ੍ਰਸਤਾਵ ਹੈ; ਜੇਕਰ ਹਾਂ, ਤਾਂ ਇਸਦੇ ਕੀ ਕਾਰਨ ਹਨ;

ਅ) ਕੀ ਇਹ ਠੀਕ ਹੈ ਕੀ ਇਹ ਪ੍ਰਸਤਾਵ ਰਾਜਨੀਤਿਕ ਮਾਫੀਆ ਦੇ ਦਬਾਅ ਹੇਠ ਲਿਆ ਜਾ ਰਿਹਾ ਹੈ;

ੲ) ਕੀ ਐਸਾ ਪ੍ਰਸਤਾਵ Sustainable development goals ਦੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਕੀਤਾ ਜਾ ਰਿਹਾ ਹੈ?

**ਸਰਦਾਰ ਬਲਕਾਰ ਸਿੰਘ:**

ੳ) ਜੀ ਹਾਂ, ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਮਤਾ ਨੰਬਰ 50 ਮਿਤੀ 14.12.2021 ਰਾਹੀਂ ਰੇਸ ਕੋਰਸ ਰੋਡ ਤੋਂ ਰਤਨ ਸਿੰਘ ਚੌਂਕ ਤੱਕ ਅਤੇ ਰਤਨ ਸਿੰਘ ਚੌਂਕ ਤੋਂ ਬਾਈਪਾਸ ਤੱਕ ਸੜਕ ਦੇ ਸੱਜੇ ਪਾਸੇ ਤੇ ਲਗਦੀਆਂ ਸਕੀਮਾਂ ਵਿਚ ਪੈਂਦੇ ਰਿਹਾਇਸ਼ੀ ਪਲਾਟਾਂ ਨੂੰ ਵਪਾਰਕ ਘੋਸ਼ਿਤ ਕਰਨ ਸਬੰਧੀ ਮਤਾ ਪਾਇਆ ਸੀ। ਸਰਕਾਰ ਵੱਲੋਂ ਮਿਤੀ 14.02.2023 ਨੂੰ ਮਤੇ ਦੀ ਅਗੇਤਰੀ ਪ੍ਰਵਾਨਗੀ ਕੁੱਝ ਸ਼ਰਤਾਂ ਦੇ ਦਿੱਤੀ ਸੀ, ਜਿਸ ਵਿਚੋਂ ਇੱਕ ਸ਼ਰਤ ਇਹ ਸੀ ਕਿ "ਸਕੀਮ ਵਿਚ ਸੋਧ ਸਬੰਧੀ ਆਮ ਜਨਤਾ ਤੋਂ ਇਤਰਾਜ਼/ਸੁਝਾਅ ਪੀ.ਐਮ.ਸੀ. ਐਕਟ 1976 ਅਨੁਸਾਰ ਪ੍ਰਾਪਤ ਕੀਤੇ ਜਾਣਗੇ"। ਜਿਸ ਸਬੰਧੀ ਕਾਰਵਾਈ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਕੀਤੀ ਜਾ ਰਹੀ ਹੈ। ਨਗਰ ਨਿਗਮ, ਅੰਮ੍ਰਿਤਸਰ ਵਿਖੇ ਜੋ ਵੀ ਇਤਰਾਜ/ਸੁਝਾਅ ਪ੍ਰਾਪਤ ਹੋਣਗੇ, ਉਨ੍ਹਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਉਨ੍ਹਾਂ ਇਤਰਾਜ/ਸੁਝਾਅਵਾਂ ਦਾ ਨਿਪਟਾਰਾ ਕਰਕੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 275 ਅਧੀਨ ਜੇਕਰ ਤਜਵੀਜ ਮਤੇ ਦੇ ਰੂਪ ਵਿਚ ਸਰਕਾਰ ਨੂੰ ਪ੍ਰਾਪਤ ਹੁੰਦੀ ਹੈ ਤਾਂ ਸਰਕਾਰ ਵੱਲੋਂ ਉਸ ਸਬੰਧੀ ਕਾਨੂੰਨ/ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਅ) ਨਹੀਂ, ਸ਼੍ਰੀਮਾਨ ਜੀ।

ੲ) ਨਹੀਂ, ਸ਼੍ਰੀਮਾਨ ਜੀ।

----------------------

**Details of pre-monsoon flood mitigation measures undertaken and funds released during the year 2023**

***1012. Sardar Partap Singh Bajwa:** Will the Water Resources Minister be pleased to state:-

a) the measures taken by the Government to prevent floods in Punjab before the rains during the year 2023;

b) the amount of funds released for flood protection, whether all arrangement with the funds released were made before the rains; the details thereof;

c) how many places of embankments of the rivers flowing in Punjab breached due to floods during the rains and areas of crops and the number of housed damaged due to this; the details thereof?

**Sardar Chetan Singh Jouramajra:**

a) An extensive exercise was carried out before the flood season 2023 to identify vulnerable sites along all Rivers and Choes in the state. Comprehensive lists of these works were prepared and all such vulnerable points were also verified by the concerned Deputy Collectors. Based on the lists finalized by this extensive exercise 269 works of flood protection works, cleaning of drain/choe/river bed, raising and strengthening of embankments and for laying sub surface drains were executed before the flood season of 2023.

Apart from the above department had carried out extensive bamboo plantations in along the River embankments in order to ensure a natural barrier to flood waters. Department had also constructed check dams at suitable locations in seasonal Choes/torrents.

b) Amount of Rs. 83 crores were released for carrying out flood protection works, cleaning of drain/choe/river bed, raising and strengthening of embankments and for laying sub surface drains. 269 priority works were completed before the commencement of flood season.

c) During the flood season 2023, flood waters over topped the river embankment at a total of 223 places in the State of Punjab.

According to the revenue department survey, about 3,25,662 acres of crop areas was affected, about 899 houses collapsed completely and 6,202 houses collapsed partially.

-------------------------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ** : ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸਰਦਾਰ ਬਲਕਾਰ ਸਿੰਘ (ਸੰਸਦੀ ਮਾਮਲੇ ਮੰਤਰੀ)**: ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ-

(i) ਸਾਲ 2022-23 ਲਈ ਪੰਜਾਬ ਸਰਕਾਰ ਦੇ ਵਿਤੀ ਲੇਖੇ (ਜਿਲਦ I ਅਤੇ II); ਅਤੇ

(ii) ਸਾਲ 2022-23 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 151(2) ਅਧੀਨ ਲੋੜੀਂਦਾ ਹੈ ।

--------

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਅਸੀਂ ਚੀਫ ਮਨਿਸਟਰ ਦੇ ਖਿਲਾਫ ਇਕ ਪ੍ਰਿਵਿਲੇਜ ਮੋਸ਼ਨ ਮੂਵ ਕੀਤਾ ਹੈ ਜੋ ਕਿ ਤੁਹਾਡੇ ਕੋਲ ਕੱਲ੍ਹ ਆ ਚੁੱਕਿਆ ਹੈ। ਸਾਡੇ ਇਕ ਐਸਟੀਮਡ ਕੁਲੀਗ ਬਾਰੇ ਚੀਫ ਮਨਿਸਟਰ ਵਲੋਂ ਟਿੱਪਣੀ ਕੀਤੀ ਗਈ ਹੈ, ਕੀ ਤੁਸੀਂ ਉਸ ਬਾਰੇ ਕੁਝ ਦੱਸ ਸਕਦੇ ਹੋ? ਕੀ ਤੁਸੀਂ ਉਸ ਬਾਰੇ ਚਾਨਣਾ ਪਾਓਗੇ? Have you taken any cognizance of that? It is a very serious matter.

**ਮਾਣਯੋਗ ਸਪੀਕਰ** : ਮੇਰੇ ਕੋਲ ਆ ਗਿਆ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਆ ਗਿਆ ਹੈ ਪਰ ਸਾਨੂੰ ਕੁਝ ਦੱਸੋ ਤਾਂ ਸਹੀ ਕਿ ਫੈਸਲਾ ਕੀ ਹੈ?

**ਮਾਣਯੋਗ ਸਪੀਕਰ** : ਮੈਂ ਦੱਸਾਂਗਾ ਜੀ।

--------

## FINANCIAL BUSINESS

## EXCESS DEMANDS

## PRESENTATION OF EXCESS DEMANDS OVER GRANTS AND APPROPRIATIONS FOR THE YEARS 2019-20 AND 2021-22

**ਮਾਣਯੋਗ ਸਪੀਕਰ** : ਹੁਣ ਵਿੱਤ ਮੰਤਰੀ ਸਾਲ 2019-20 ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਸਾਲ 2019-20 ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਦਾ ਹਾਂ।

## ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2019-20

### ਮੰਗ ਨੰ: 21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 437,84,27,944 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 37

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,18,14,310 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 41

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 26,18,44,035 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

---------------------------

## ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2021-22

### ਮੰਗ ਨੰ: 9

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 22,42,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 358,68,20,728 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 37

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 14,48,965 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## VOTING ON EXCESS DEMANDS OVER GRANTS AND APPROPRIATIONS FOR THE YEARS 2019-20 AND 2021-22

**ਮਾਣਯੋਗ ਸਪੀਕਰ** : ਸਾਲਾਂ 2019-20 ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਤੇ ਵੋਟਿੰਗ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਲਾਂ 2019-20 ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ, ਜੋ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਹਨ, ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਸਮਝੀਆਂ ਜਾਣ ਅਤੇ ਇਹ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਲਈਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**1100/Beant kaur/Abhishek gautam**

**1105/Karamjit kaur**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਲ 2019-20 ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ: ਹਾਂ ਜੀ, ਹਾਂ ਜੀ।)

**<u>ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2019-20</u>**

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 437,84,27,944 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 37**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,18,14,310 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 41**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 26,18,44,035 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2021-22

### ਮੰਗ ਨੰ: 9

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 22,42,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 21

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 358,68,20,728 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 37

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 14,48,965 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ**: ਸਾਲ 2019-20 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰਬਰ 21, 37 ਅਤੇ 41 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 468,20,86,289 /- ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2020 ਨੂੰ ਖਤਮ ਹੋਣ ਵਾਲੇ ਸਾਲ ਲਈ ਅਤੇ 2021-22 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰਬਰ 9,21, 37 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 381, 25, 68 ਹਜਾਰ 693/- ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

-----------------------

## THE PUNJAB APPROPRIATION (No. 1) BILL, 2024

**ਮਾਣਯੋਗ ਸਪੀਕਰ** : ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2024 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 1) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

### ਕਲਾਜ਼ਾਂ 2 ਤੋਂ 4

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਇਸ ਸਮੇਂ ਨਾਂਹ ਕੋਈ ਕਹਿੰਦਾ ਨਹੀਂ ਹੈ ਜੀ। ਜਦੋਂ ਸਰਬ-ਸੰਮਤੀ ਨਾਲ ਪਾਸ ਹੋਇਆ ਕਹਿ ਦਿੰਦੇ ਹਾਂ , ਫਿਰ ਕਹਿ ਦਿੰਦੇ ਹੋ ਕਿ ਸਾਡੀ ਨਾਂਹ ਸੀ। ਕੀ ਕੋਈ ਨਾਂਹ ਵਾਲਾ ਹੈ?

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਨਾਂਹ ਹੈ ਜੀ।

**ਮਾਣਯੋਗ ਸਪੀਕਰ:** ਫਿਰ ਠੀਕ ਹੈ ਜੀ।

**ਸ਼ਡਿਊਲ (1 ਅਤੇ 2)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸ਼ਡਿਊਲ (1 ਅਤੇ 2) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------------------

**1110/harpreet singh**

## SUPPLEMENTARY DEMANDS

### (I) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2023-24

**ਮਾਣਯੋਗ ਸਪੀਕਰ:** ਵਿੱਤ ਮੰਤਰੀ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ :** ਹੁਣ ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਸਭਾਪਤੀ, ਅਨੁਮਾਨ ਕਮੇਟੀ, ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚਿਆਂ ਸੰਬੰਧੀ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ 'ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**(II) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2023-24**.

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਮਨਜੀਤ ਸਿੰਘ ਬਿਲਾਸਪੁਰ):** ਸ਼੍ਰੀਮਾਨ ਜੀ, ਮੈਂ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚਿਆਂ ਸੰਬੰਧੀ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ 'ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2023-24.**

**1. Discussion on the Estimates of the Expenditure Charged on revenue of the State.**

**2. Voting on the Demands for Supplementary Grants**.

**ਮਾਣਯੋਗ ਸਪੀਕਰ:** ਅੱਜ ਦੀ ਕਾਰਜਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 39 ਅਨੁਪੂਰਕ ਮੰਗਾਂ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮੰਗ ਨੰ.1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,71,18,000 ਰੁਪਏ ਅਤੇ ਪੂੰਜੀਗਤ ਲੇਖੇ ਤੇ 42,47,61,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,39,50,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 115,60,09,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,74,25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,77,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1340,85,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7999,99,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 149,26,54,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,22,39,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 406,75,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 85,08,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,22,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,17,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 79,50,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 140,61,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,71,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,51,64,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,92,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 19,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,27,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,49,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.20**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,81,64,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.21**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 5,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 314,66,61,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.23**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 199,35,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 36,18,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.29**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 86,38,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,31,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 24,49,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.31**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,61,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.32**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.33**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 4,64,90,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,95,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.34**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.35**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,49,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.36**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.37**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 340,87,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.38**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,38,43,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.40**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.41**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 49,66,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.42**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 517,93,11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪਛੜੀਆ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ:** ਜਿਹੜੇ ਮਾਨਯੋਗ ਮੈਂਬਰ ਇਸ ਮੰਗ ਤੇ ਬੋਲਣਾ ਚਾਹੁੰਦੇ ਹੋਣ, ਉਹ ਮੰਗ ਦਾ ਜ਼ਿਕਰ ਜ਼ਰੂਰ ਕਰਨ । ਹਾਂ ਜੀ, ਕੋਈ ਬੋਲਣਾ ਚਾਹੁੰਦਾ ਹੈ?

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ :** ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਸਾਰੀਆਂ ਮੰਗਾਂ ਇਕੱਠੀਆਂ ਹੀ ਹਾਊਸ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮੰਗ ਨੰ.1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,71,18,000 ਰੁਪਏ ਅਤੇ ਪੂੰਜੀਗਤ ਲੇਖੇ ਤੇ 42,47,61,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,39,50,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 115,60,09,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,74,25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,77,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1340,85,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7999,99,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 149,26,54,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,22,39,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 406,75,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 85,08,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,22,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,17,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 79,50,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 140,61,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,71,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,51,64,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,92,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 19,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,27,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,49,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.20**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 17,81,64,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.21**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 5,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 314,66,61,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.23**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 199,35,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 36,18,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.29**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 86,38,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,31,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 24,49,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.31**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,61,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.32**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.33**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 4,64,90,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,95,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.34**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.35**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,49,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.36**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.37**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 340,87,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.38**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53,38,43,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.40**

ਪ੍ਰਸਤਾਵ ਕਰਨਗੇ ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.41**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 49,66,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.42**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 517,93,11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪਛੜੀਆ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ: ਪ੍ਰਸ਼ਨ ਹੈ -**

ਕਿ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰ: 1 ਤੋਂ 17, 19 ਤੋਂ 27, 29 ਤੋਂ 38 ਅਤੇ 40 ਤੋਂ 42, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਦੇ 12046,39,60,000 /- ਰੁਪਏ ਤੋਂ ਵੱਧ ਨਾ ਹੋਣ, 31 ਮਾਰਚ, 2024 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

----

**THE PUNJAB APPROPRIATION (No.2) BILL, 2024**

**ਮਾਣਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ (ਨੰ:2) ਬਿਲ, 2024 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ:2) ਬਿਲ, 2024 ਪੇਸ਼ ਕਰਦਾ ਹਾਂ:

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਣਯੋਗ ਸਪੀਕਰ :** ਹੁਣ ਸਦਨ ਬਿੱਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਣਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

**ਪ੍ਰਸਤਾਵ ਪ੍ਰਵਾਨ ਹੋਇਆ।**

**ਸ਼ਡਿਊਲ**

ਮਾਣਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

**ਮਾਣਯੋਗ ਸਪੀਕਰ:** ਕੋਈ ਨਾਂਹ ਵਾਲਾ ਤਾਂ ਨਹੀਂ ਹੈ, ਫਿਰ ਸਰਬਸੰਮਤੀ ਨਾਲ ਪਾਸ ਕਰ ਦੇਈਏ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: (ਬੈਠੇ ਬੈਠੇ)** ਸਾਡੀ ਨਾਂਹ ਤੁਹਾਨੂੰ ਸੁਣਾਈ ਨਹੀਂ ਦਿੰਦੀ ਜੀ। (ਹਾਸਾ)

**ਮੁੱਖ ਮੰਤਰੀ (ਬੈਠੇ ਬੈਠੇ):** ਸਪੀਕਰ ਸਾਹਿਬ, ਇਨ੍ਹਾਂ ਦੀ ਨਾਂਹ ਹੀ ਸਮਝੋ।

**ਮਾਣਯੋਗ ਸਪੀਕਰ:** ਮੈਂ ਆਪਣਾ ਇਲਾਜ ਕਰਵਾ ਲਵਾਂਗਾ ਜੀ, ਮੈਂ ਇਕ ਵਾਰ ਫਿਰ ਪੁੱਛਦਾ ਹਾਂ ਕਿ ਜਿਹੜੇ ਮਾਣਯੋਗ ਮੈਂਬਰ ਪ੍ਰਸਤਾਵ ਦੇ ਵਿਰੋਧ ਵਿਚ ਹਨ, ਉਹ ਨਾਂਹ ਕਹਿਣ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: (ਬੈਠੇ ਬੈਠੇ)** ਨਾਂਹ ਜੀ।(ਹਾਸਾ)

**ਮਾਣਯੋਗ ਸਪੀਕਰ:** ਮੈਨੂੰ ਲਗਦਾ ਹੈ ਕਿ ਇਨ੍ਹਾਂ ਦਾ ਹਾਂ ਕਹਿਣ ਨੂੰ ਜੀਅ ਕਰਦਾ ਹੈ ਪਰ ਕਹਿੰਦੇ ਨਹੀਂ। (ਹਾਸਾ)

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ:** (ਬੈਠੇ ਬੈਠੇ) ਨਾਂਹ ਜੀ।(ਹਾਸਾ)

**ਮਾਣਯੋਗ ਸਪੀਕਰ :** ਮੈਨੂੰ ਲਗਦਾ ਹੈ ਕਿ ਨਾਂਹ ਵਾਲੇ ਤੁਸੀ ਇਕੱਲੇ ਹੀ ਹੋ ਜੀ।(ਹਾਸਾ)

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ:2) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

**1110/harpreet singh/ Harjinder singh**

**1115/amandeep kaur**

**PRESENTATION OF BUDGET ESTIMATES FOR THE YEAR 2024-25**

**ਸਰਦਾਰ ਹਰਪਾਲ ਸਿੰਘ ਚੀਮਾ (ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ ਕਰ ਤੇ ਆਬਕਾਰੀ ਮੰਤਰੀ):** ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤੁਹਾਡਾ ਬਹੁਤ ਬਹੁਤ ਧੰਨਵਾਦ। ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ। ਮੈਨੂੰ ਪੂਰਨ ਆਸ ਹੈ ਕਿ ਸਾਰੇ ਇਸ 16ਵੀਂ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਇਸ ਬਜਟ ਦੇ ਵਿੱਚ ਅੱਛੇ ਤਰੀਕੇ ਦੇ ਨਾਲ patience ਦੇ ਨਾਲ ਸੁਣਨਗੇ ਔਰ ਸਾਰਥਿਕ ਡਿਬੇਟ ਦੇ ਵਿੱਚ ਵੀ ਹਿੱਸਾ ਲੈਣਗੇ ਅਤੇ ਮੈਂ ਵੀ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਜਿੰਨੇ ਵੀ ਸਾਰਥਿਕ ਪਾਜ਼ੀਟਿਵ ਸੁਝਾਅ ਆਉਣਗੇ, ਉਨ੍ਹਾਂ ਸਾਰਿਆਂ ਦਾ ਬਿਲਕੁਲ ਸਹੀ ਵਿਧੀਗਤ ਢੰਗ ਦੇ ਨਾਲ ਮੈਂ ਇਸ ਮੰਚ ਤੇ ਜਵਾਬ ਵੀ ਦਿਆਂਗਾ।

**1115/amandeep kaur/ Harjinder singh**

**ਬਜਟ 2024-25**

**ਹਰਪਾਲ ਸਿੰਘ ਚੀਮਾ**

**ਵਿੱਤ ਮੰਤਰੀ**

**ਦਾ ਭਾਸ਼ਣ**

**ਮਾਣਯੋਗ ਸਪੀਕਰ ਸਾਹਿਬ,**

1. ਮੈਂ ਇਸ ਅਜ਼ੀਮ ਸਦਨ ਦੇ ਸਨਮੁੱਖ, ਬਹੁਤ ਹੀ ਮਾਣ ਅਤੇ ਜ਼ਿੰਮੇਵਾਰੀ ਨਾਲ ਪਿਛਲੇ ਦੋ ਸਾਲਾਂ ਦੇ ਸਫ਼ਰ ਬਾਰੇ ਗੱਲ ਕਰਾਂਗਾ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸੁਯੋਗ ਅਗਵਾਈ ਹੇਠ 'ਆਪ' ਸਰਕਾਰ ਦੇ ਕਾਰਜਕਾਲ ਦੇ ਤੀਜੇ ਸਾਲ ਦਾ ਬਜਟ ਪੇਸ਼ ਕਰਾਂਗਾਂ।

2. ਤਰੱਕੀ ਲਈ ਵਚਨਬੱਧਤਾ ਅਤੇ ਲੋਕਹਿੱਤਾਂ ਦੀ ਸੇਵਾ ਪ੍ਰਤੀ ਸਮਰਪਣ ਭਾਵਨਾ ਸਾਡੇ ਸਾਮੂਹਿਕ ਯਤਨਾਂ ਦੇ ਸਿਧਾਂਤ ਰਹੇ ਹਨ। ਅਸੀ ਅਹਿਮ ਮੁੱਦਿਆਂ ਨੂੰ ਹੱਲ ਕਰਨ, ਅਤੇ ਹਰੇਕ ਨਾਗਰਿਕ ਦੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਦੇ ਸਫਰ ਦੇ ਤੀਜੇ ਸਾਲ ਦੀ ਸ਼ੁਰੂਆਤ ਕਰ ਰਹੇ ਹਾਂ। ਇੱਥੇ ਮੈਂ ਆਪ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ ਜਨਾਬ ਬਸ਼ੀਰ ਬਦਰ ਦੇ ਸ਼ਬਦਾਂ ਦਾ ਹਵਾਲਾ ਦੇਣਾ ਚਾਹਾਂਗਾ।

जिस दिन से चला हूँ मिरि मंज़िल पे नज़र है

आँखों ने कभी मील का पत्थर नहीं देखा

3. 'ਆਪ' ਸਰਕਾਰ ਨੇ ਪਿਛਲੇ ਸਾਲ ਦੇ ਬਜਟ ਵਿੱਚ ਕੀਤੇ ਵਾਅਦੇ ਅਨੁਸਾਰ, ਅਸੀਂ ਰਾਜ ਦੇ ਮਾਲੀਏ ਨੂੰ ਮਜ਼ਬੂਤ ਕਰਨ ਵਿੱਚ ਕਾਮਯਾਬ ਹੋਏ ਹਾਂ। ਰਾਜ ਦੇ ਆਪਣੇ ਟੈਕਸ ਮਾਲੀਏ ਵਿੱਚ ਸਾਲਾਨਾ ਵਿਕਾਸ ਦਰ ਕਾਫ਼ੀ ਜ਼ਿਆਦਾ ਭਾਵ 13% ਹੈ ਜਦੋਂ ਕਿ 2012-17 ਦੌਰਾਨ ਮਿਸ਼ਰਿਤ ਸਾਲਾਨਾ ਵਿਕਾਸ ਦਰ (ਸੀ.ਏ.ਜੀ.ਆਰ.) 8% ਅਤੇ 2017-22 ਦੌਰਾਨ ਇਹ ਦਰ 6% ’ਤੇ ਸੀ। ਇਹ ਦਰਸਾਉਂਦਾ ਹੈ ਕਿ ਵਿਚਾਰਾਂ ਨੂੰ ਹਕੀਕਤ ਵਿੱਚ ਬਦਲਣਾ ਦ੍ਰਿੜ ਇਰਾਦਿਆਂ 'ਤੇ ਨਿਰਭਰ ਕਰਦਾ ਹੈ।

4. ਸਾਡੀ ਸਰਕਾਰ ਆਪਣੇ ਵੱਲੋਂ ਕੀਤੇ ਗਏ “ਰੰਗਲਾ ਪੰਜਾਬ” ਦੇ ਵਾਅਦੇ ਅਨੁਸਾਰ ਮੁੱਖ ਖੇਤਰਾਂ ਜਿਵੇਂ ਕਿ

ਸੁਚੱਜੇ ਸ਼ਾਸਨ, ਸਿੱਖਿਆ ਅਤੇ ਸਿਹਤ 'ਤੇ ਧਿਆਨ ਕੇਂਦ੍ਰਿਤ ਕਰ ਰਹੀ ਹੈ। 'ਆਪ' ਸਰਕਾਰ ਨੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਪਾਰਦਰਸ਼ਤਾ ਵਧਾਉਣ ਅਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਕਈ ਕਦਮ ਚੁੱਕੇ ਹਨ। "ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ", "ਰਾਸ਼ਨ ਦੀ ਡੋਰ ਸਟੈਪ ਡਿਲੀਵਰੀ" ਅਤੇ ਭ੍ਰਿਸ਼ਟਾਚਾਰ ਵਿਰੋਧੀ ਪਹਿਲਕਦਮੀਆਂ ਇੱਕ ਕੁਸ਼ਲ ਅਤੇ ਕਾਰਗਰ ਪ੍ਰਸ਼ਾਸਨ ਬਣਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਇਸੇ ਤਰ੍ਹਾਂ "ਆਪ ਕੀ ਸਰਕਾਰ ਆਪ ਦੇ ਦੁਆਰ" ਸ਼ੁਰੂ ਕੀਤੀ ਗਈ ਹੈ ਜਿਸ ਰਾਹੀਂ ਪਿੰਡਾਂ ਵਿਚ ਕੈਂਪ ਲਗਾ ਕੇ ਹੁਣ ਤੱਕ 8 ਲੱਖ ਨਾਗਰਿਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

5. ਸਾਡੀਆਂ ਨੀਤੀਆਂ ਨੂੰ ਹੁਣ ਬੂਰ ਪੈਣਾ ਸ਼ੁਰੂ ਹੋ ਗਿਆ ਹੈ, ਸਕੂਲ ਆਫ਼ ਐਮੀਨੈਂਸ ਹੁਣ ਇਕ ਹਕੀਕਤ ਬਣ ਚੁੱਕੇ ਹਨ ਅਤੇ ਹਰੇਕ ਤੱਕ ਮਿਆਰੀ ਸਿੱਖਿਆ ਦੀ ਪਹੁੰਚ ਨੂੰ ਯਕੀਨੀ ਬਣਾਉਣ ਦੇ ਸਾਡੇ ਸੰਕਲਪ ਅਤੇ ਪ੍ਰਤੀਬੱਧਤਾ ਨੂੰ ਦਰਸਾਉਂਦੇ ਹਨ। ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਪ੍ਰਾਇਮਰੀ ਸਿਹਤ ਦੇਖਭਾਲ ਦੇ ਖੇਤਰ ਵਿਚ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ। ਇਹ ਕਲੀਨਿਕ ਆਮ ਲੋਕਾਂ ਨੂੰ ਚੰਗੀਆਂ ਅਤੇ ਮੁੱਫਤ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਸ ਪਹਿਲਕਦਮੀ ਦੀ ਕਦਰ ਪਈ ਹੈ ਅਤੇ ਪੰਜਾਬ ਨੂੰ ਗਲੋਬਲ ਹੈਲਥ ਸਪਲਾਈ ਚੇਨ ਸਮਿਟ-2023 ਵਿੱਚ ਪਹਿਲਾ ਇਨਾਮ ਪ੍ਰਾਪਤ ਹੋਇਆ ਹੈ।

ਸਪੀਕਰ ਸਾਹਿਬ,

6. ਪੰਜਾਬ ਦੇ ਨੌਜਵਾਨਾਂ ਨੂੰ ਸਾਡੀ ਸਰਕਾਰ ਦੁਆਰਾ ਕੀਤੇ ਜਾ ਰਹੇ ਨਿਰੰਤਰ ਯਤਨਾਂ ਅਤੇ ਪ੍ਰਤੱਖ ਕਾਰਵਾਈਆਂ ਦੁਆਰਾ ਇਸ ਸਮੇਂ ਦੌਰਾਨ ਰੁਜ਼ਗਾਰ ਦੇ ਅਨੇਕਾਂ ਮੌਕੇ ਮਿਲੇ ਹਨ। ਸਾਡੀ ਸਰਕਾਰ ਪੰਜਾਬੀ

ਨੌਜਵਾਨਾਂ ਦੀਆਂ ਇੱਛਾਵਾਂ ਅਤੇ ਲੋੜਾਂ ਦੀ ਪੂਰਤੀ ਲਈ ਯਤਨਸ਼ੀਲ ਰਹੀ ਹੈ। ਸਾਡੀ ਸਰਕਾਰ ਨੇ ਕਾਬਲ ਨੌਜਵਾਨਾਂ ਨੂੰ ਇਹਨਾਂ ਦੋ ਸਾਲਾਂ ਦੌਰਾਨ 40,437 ਨੌਕਰੀਆਂ ਪ੍ਰਦਾਨ ਕੀਤੀਆਂ। ਇਸ ਤੋਂ ਭਾਵ ਹੈ ਕਿ ਹਰ ਰੋਜ਼ 55 ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ।

7. ਮੈਨੂੰ ਇਹ ਦੇਖ ਕੇ ਸੰਤੁਸ਼ਟੀ ਹੁੰਦੀ ਹੈ ਕਿ ਸਾਡੇ ਮਾਣਯੋਗ ਮੁੱਖ ਮੰਤਰੀ ਦਾ ਖੇਤਾਂ ਦੇ ਆਖਰੀ ਸਿਰੇ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਸੁਪਨਾ ਸਾਕਾਰ ਹੋ ਗਿਆ ਹੈ। ਇਹ ਸਾਡੀ ਖੇਤੀ, ਸਾਡੇ ਪਾਣੀ ਦੇ ਘੱਟ ਰਹੇ ਪੱਧਰ ਲਈ ਵਰਦਾਨ ਸਾਬਿਤ ਹੋਵੇਗਾ ਅਤੇ ਪੰਜਾਬ ਨੂੰ 'ਮਾਰੂਥਲ' ਬਣਨ ਤੋਂ ਬਚਾਏਗਾ। ਇਸ ਸਬੰਧ ਵਿੱਚ ਜੋ ਕੁੱਝ ਹੋਰ ਕਰਨ ਦੀ ਲੋੜ ਹੈ ਉਹ ਸਾਡੀ ਸਰਕਾਰ ਵੱਲੋਂ ਕੀਤਾ ਜਾਵੇਗਾ।

8. ਵਿੱਤੀ ਸਾਲ 2024-25 ਪਿਛਲੇ ਦੋ ਸਾਲਾਂ ਵਿੱਚ ਪ੍ਰਾਪਤ ਕੀਤੇ ਲਾਭਾਂ ਨੂੰ ਇਕਜੁੱਟ ਕਰਨ ਦਾ ਸਾਲ ਹੈ। ਇਹ ਸਾਡੀ ਸਰਕਾਰ ਦੁਆਰਾ ਪਹਿਲਾਂ ਹੀ ਲਗਾਏ ਜਾ ਚੁੱਕੇ ਵਿਕਾਸ ਦੇ ਬੂਟਿਆਂ ਦੇ ਪਾਲਣ ਪੋਸ਼ਣ ਕਰਨ ਦਾ ਸਮਾਂ ਹੈ, ਤਾਂ ਜੋ ਉਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਫ਼ਲ ਦੇ ਸਕਣ।

9. ਇਹ ਮੇਰੀ ਜਿੰਮੇਵਾਰੀ ਹੈ ਕਿ ਮੈਂ ਕੇਂਦਰ ਸਰਕਾਰ ਵੱਲੋਂ ਪੰਜਾਬ ਪ੍ਰਤੀ ਦਿਖਾਈ ਜਾ ਰਹੀ ਬੇਰੁਖ਼ੀ ਨੂੰ ਇਸ ਅਜ਼ੀਮ ਸਦਨ ਦੇ ਸਾਹਮਣੇ ਰੱਖਾਂ। ਰਾਸ਼ਟਰੀ ਸਿਹਤ ਮਿਸ਼ਨ (ਐਨ.ਐਚ.ਐਮ), ਪੇਂਡੂ ਵਿਕਾਸ ਫੰਡ (ਆਰ.ਡੀ.ਐਫ), ਮੰਡੀ ਵਿਕਾਸ ਫੰਡ (ਐਮ.ਡੀ.ਐਫ) ਅਤੇ ਪੂੰਜੀ ਨਿਵੇਸ਼ ਲਈ ਰਾਜ ਨੂੰ ਵਿਸ਼ੇਸ਼ ਸਹਾਇਤਾ ਤਹਿਤ ਰਾਜ ਦੇ ਲਗਭਗ 8,000 ਕਰੋੜ ਰੁਪਏ ਦੇ ਬਣਦੇ ਹਿੱਸੇ ਨੂੰ ਰੋਕੇ ਜਾਣ ਨਾਲ ਵਿਕਾਸ ਕਾਰਜਾਂ ਤੇ ਸਿੱਧਾ ਪ੍ਰਭਾਵ ਪਿਆ ਹੈ ਅਤੇ ਰਾਜ ਦੇ ਖਜ਼ਾਨੇ ਤੇ ਵੀ ਵਾਧੂ ਬੋਝ ਪਿਆ ਹੈ।

## ਵਿੱਤੀ ਸਾਲ 2024-25 ਦਾ ਬਜਟ

ਮਾਣਯੋਗ ਸਪੀਕਰ ਸਾਹਿਬ,

10. ਡਾਇਰੈਕਟੋਰੇਟ ਆਫ ਸਟੈਟਿਸਟਿਕਸ ਦੁਆਰਾ ਪ੍ਰਦਾਨ ਕੀਤੇ ਗਏ ਅਗਾਊ ਅਨੁਮਾਨਾਂ ਅਨੁਸਾਰ, ਮੌਜੂਦਾ ਸਾਲ ਵਿੱਚ ਪੰਜਾਬ ਦੀ ਵਿਕਾਸ ਦਰ 9.41% ਹੈ ਅਤੇ ਜੀ.ਐਸ.ਡੀ.ਪੀ. 7,36,423 ਕਰੋੜ ਰੁਪਏ ਤੇ ਹੈ। ਵਿੱਤੀ ਸਾਲ 2024-25 ਲਈ ਜੀ.ਐਸ.ਡੀ.ਪੀ. 9% ਦੇ ਵਾਧੇ ਨਾਲ 8,02,701 ਕਰੋੜ ਰੁਪਏ ਅਨੁਮਾਨੀ ਗਈ ਹੈ।

11. 'ਆਪ' ਸਰਕਾਰ ਦੀ ਸੰਜੀਦਗੀ ਅਤੇ ਸਮਰਪਣ, ਇੱਕ ਵਾਰ ਫਿਰ ਲਗਾਤਾਰ ਦੂਜੇ ਸਾਲ ਰਾਜ ਦੇ ਆਪਣੇ ਟੈਕਸ ਮਾਲੀਏ ਵਿੱਚ ਵਾਧੇ ਤੋਂ ਸਪੱਸ਼ਟ ਹੈ। ਚਾਲੂ ਵਰ੍ਹੇ ਦੌਰਾਨ, ਫਰਵਰੀ ਤੱਕ ਪੰਜਾਬ ਦਾ ਆਪਣਾ ਟੈਕਸ ਮਾਲੀਆ 14% ਦੀ ਦਰ ਨਾਲ ਵੱਧ ਗਿਆ ਹੈ।

12. ਮੈਂ ਵਿੱਤੀ ਸਾਲ 2024-25 ਲਈ, ਕੁੱਲ 2,04,918 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ। ਪ੍ਰਭਾਵੀ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ 2.77% ਅਤੇ 3.80% ਅਨੁਮਾਨੇ ਗਏ ਹਨ ਜੋ ਕਿ ਪਿਛਲੇ ਸਾਲ ਦੇ 3.13% ਅਤੇ 4.12% ਕ੍ਰਮਵਾਰ ਨਾਲੋਂ ਬਿਹਤਰ ਹਨ।

13. ਹੁਣ, ਮੈਂ ਵੱਖ-ਵੱਖ ਖੇਤਰਾਂ ਵਿੱਚ ਵਿੱਤੀ ਸਾਲ 2024-25 ਵਿੱਚ ਸ਼ੁਰੂ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਅਤੇ ਪ੍ਰੋਗਰਾਮਾਂ ਲਈ ਤਜਵੀਜ਼ ਕੀਤੇ ਬਜਟ ਵੰਡ ਦੇ ਨਾਲ ਵਿਕਾਸ ਰੋਡਮੈਪ ਦੀ ਰੂਪਰੇਖਾ

’ਤੇ ਚਾਨਣਾ ਪਾਵਾਂਗਾ।

## ਖੇਤੀਬਾੜੀ ਅਤੇ ਕਿਸਾਨ ਭਲਾਈ

ਸਪੀਕਰ ਸਾਹਿਬ,

14. ਅਗਲੇ ਵਿੱਤੀ ਸਾਲ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 13,784 ਕਰੋੜ ਰੁਪਏ ਦੀ ਤਜਵੀਜ ਕੀਤੀ ਜਾ ਰਹੀ ਹੈ।

## ਫਸਲੀ ਵਿਭਿੰਨਤਾ

15. ਸਪੀਕਰ ਸਾਹਿਬ, ਅਸੀਂ ਸਿਰਫ ਗੱਲਾਂ ਵਿੱਚ ਵਿਸ਼ਵਾਸ ਨਹੀਂ ਕਰਦੇ, ਅਸੀਂ ਕਾਰਵਾਈ ਵਿੱਚ ਵਿਸ਼ਵਾਸ ਰੱਖਦੇ ਹਾਂ, ਅਤੇ ਮੈਂ ਫਸਲੀ ਵਿਭਿੰਨਤਾ ਦੀਆਂ ਵੱਖ-ਵੱਖ ਸਕੀਮਾਂ ਲਈ ਵਿੱਤੀ ਸਾਲ 2024-25 ਵਿੱਚ 575 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਕਰਦਾ ਹਾਂ। ਇਹ ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਮਿਹਨਤੀ ਕਿਸਾਨਾਂ ਨੂੰ ਵਿਭਿੰਨਤਾ ਲਈ ਉਤਸ਼ਾਹਿਤ ਕਰਦੇ ਰਹੀਏ ਅਤੇ ਇਸ ਤਰ੍ਹਾਂ 'ਆਪ' ਸਰਕਾਰ ਭਵਿੱਖ ਵਿੱਚ ਵੀ ਅਜਿਹੀਆਂ ਯੋਜਨਾਵਾਂ 'ਤੇ ਧਿਆਨ ਕੇਂਦਰਿਤ ਰੱਖੇਗੀ। ਸਾਡੀ ਖੇਤੀਬਾੜੀ, ਸਾਡੀ ਮਿੱਟੀ, ਸਾਡੇ ਡਿੱਗਦੇ ਪਾਣੀ ਦੇ ਪੱਧਰ ਆਦਿ ਨੂੰ ਬਿਹਤਰ ਬਣਾਉਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ।

16. ਕਿਸਾਨਾਂ ਨੂੰ ਨਰਮੇ ਦੀ ਸੁਚੱਜੀ ਕਾਸ਼ਤ ਲਈ ਸਮੇਂ ਸਿਰ ਤਕਨੀਕੀ ਜਾਣਕਾਰੀ ਦੇਣ ਲਈ ਮੌਜੂਦਾ ਸਾਲ ਵਿੱਚ ਇੱਕ ਵਿਸ਼ੇਸ਼ "ਮਿਸ਼ਨ ਉਨਤ ਕਿਸਾਨ" ਸ਼ੁਰੂ ਕੀਤਾ ਗਿਆ ਹੈ। ਸਾਡੀ ਸਰਕਾਰ ਨੇ ਲਗਭਗ 87,000 ਕਿਸਾਨਾਂ ਨੂੰ ਕਪਾਹ ਦੇ ਬੀਜ 'ਤੇ 33% ਸਬਸਿਡੀ ਵੀ ਪ੍ਰਦਾਨ ਕੀਤੀ ਹੈ।

17. ਅਸੀਂ ਸਮਝਦੇ ਹਾਂ ਕਿ ਵੈਲਿਊ ਐਡੀਸ਼ਨ ਬਿਨਾਂ ਫਸਲੀ ਵਿਭਿੰਨਤਾ ਰਾਹੀਂ ਖੇਤੀ ਵਿੱਚ ਸੁਧਾਰ ਦੇ

ਲੋੜੀਂਦੇ ਨਤੀਜੇ ਨਹੀਂ ਮਿਲਣਗੇ। ਇਸ ਲਈ ਮੌਜੂਦਾ ਸਾਲ ਵਿਚ ਕਈ ਪ੍ਰਾਜੈਕਟ ਸ਼ੁਰੂ ਕਰਨ ਲਈ 50 ਕਰੋੜ ਰੁਪਏ ਪੈਗਰੈਕਸਕੋ (PAGREXCO) ਨੂੰ ਦੇਣ ਵਾਸਤੇ ਰੱਖੇ ਜਾ ਚੁੱਕੇ ਹਨ। ਹੁਸ਼ਿਆਰਪੁਰ ਵਿਖੇ ਆਟੋਮੇਟਿਡ ਬੇਵਰੇਜ ਯੂਨਿਟ ਦੀ ਸਥਾਪਨਾ; ਅਬੋਹਰ ਵਿਖੇ ਮਿਰਚ ਪ੍ਰੋਸੈਸਿੰਗ ਸੈਂਟਰ; ਜਲੰਧਰ ਵਿਖੇ ਵੈਲਯੂ ਐਡਿਡ ਪ੍ਰੋਸੈਸਿੰਗ ਸਹੂਲਤ ਅਤੇ ਫਤਿਹਗੜ੍ਹ ਸਾਹਿਬ ਵਿਖੇ ਰੈਡੀ-ਟੂ-ਈਟ ਫੂਡ ਮੈਨੂਫੈਕਚਰਿੰਗ ਯੂਨਿਟ ਅਤੇ ਹੋਰ ਪ੍ਰੋਜੈਕਟਾਂ ਲਈ 250 ਕਰੋੜ ਰੁਪਏ ਦਾ ਸਿਡਬੀ ਨਾਲ ਐਮ.ਓ.ਯੂ ਸਾਇਨ ਕੀਤਾ ਜਾ ਚੁੱਕਾ ਹੈ।

### ਬਾਗਬਾਨੀ

18. ਉੱਪਰ ਦੱਸੇ ਗਏ ਵੱਖ-ਵੱਖ ਫ਼ਸਲੀ ਵਿਭਿੰਨਤਾ ਉਪਾਵਾਂ ਤੋਂ ਇਲਾਵਾ ਉਤਪਾਦ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਪ੍ਰਮੁੱਖ ਉਤਪਾਦਨ ਖੇਤਰਾਂ ਵਿੱਚ ਬਾਗਬਾਨੀ ਫਸਲਾਂ ਦੇ ਕਲੱਸਟਰਾਂ ਨੂੰ ਵਿਕਸਤ ਕਰਨ ਲਈ ਇਕ ਨਵੀਂ ਪਹਿਲਕਦਮੀ ਭਾਵ "ਪੰਜਾਬ ਬਾਗਬਾਨੀ ਅਡਵਾਂਸਮੈਂਟ ਐਂਡ ਸਸਟੇਨੇਬਲ ਐਂਟਰਪ੍ਰੀਨਿਓਰਸ਼ਿਪ (PHASE)" ਦਾ ਐਲਾਨ ਕਰਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ। ਇਸ ਲਈ ਬਜਟ ਵਿੱਚ ਢੁਕਵਾਂ ਉਪਬੰਧ ਕੀਤਾ ਗਿਆ ਹੈ। ਮਸ਼ਰੂਮ ਖੇਤੀ; ਫੁੱਲਾਂ ਦੇ ਬੀਜਾਂ ਦੇ ਉਤਪਾਦਨ; ਫਲਾਂ ਅਤੇ ਸਬਜੀਆਂ ਦੇ ਬਗੀਚਿਆਂ ਦੇ ਵਿਕਾਸ ਲਈ ਬਣਾਈਆਂ ਗਈਆਂ ਸਕੀਮਾਂ ਵਾਸਤੇ ਢੁਕਵੀਂ ਤਜਵੀਜ ਕੀਤੀ ਗਈ ਹੈ।

### ਕਿਸਾਨਾਂ ਨੂੰ ਮੁਫਤ ਬਿਜਲੀ

19. ਸਾਡੀ ਸਰਕਾਰ ਹਰ ਤਰ੍ਹਾਂ ਨਾਲ ਆਪਣੇ 'ਅੰਨਦਾਤਾ' ਪ੍ਰਤੀ ਵਚਨਬੱਧ ਹੈ ਅਤੇ ਇਸ ਲਈ ਉਹਨਾਂ ਦੀ ਨਿਰੰਤਰ ਸਹਾਇਤਾ ਵਜੋਂ ਵਿੱਤੀ ਸਾਲ 2024-25 ਵਿੱਚ ਖੇਤੀਬਾੜੀ ਦੀ ਸਬਸਿਡੀ ਵਜੋਂ 9,330 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

### ਮਿੱਟੀ ਅਤੇ ਜਲ-ਸੰਭਾਲ

ਸਪੀਕਰ ਸਾਹਿਬ,

20. ਅਸੀਂ ਸਾਰੇ ਧਰਤੀ ਹੇਠਲੇ ਘੱਟ ਰਹੇ ਪਾਣੀ ਦੀ ਸਮੱਸਿਆ ਪ੍ਰਤੀ ਸੁਚੇਤ ਹਾਂ ਅਤੇ 150 ਵਿਚੋਂ 114 ਬਲਾਕਾਂ ਨੂੰ ਡਾਰਕ ਜ਼ੋਨ ਘੋਸ਼ਿਤ ਕਰ ਦਿੱਤਾ ਗਿਆ ਹੈ। ਉਪਲੱਬਧ ਜਮੀਨੀ ਅਤੇ ਧਰਤੀ ਹੇਠਲੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਲਈ, ਖੇਤਾਂ ਵਿਚ ਵੱਖ-ਵੱਖ ਜਲ ਸੰਭਾਲ ਤਕਨੀਕਾਂ ਜਿਵੇਂ ਕਿ ਸੂਖ਼ਮ ਸਿੰਚਾਈ ਅਤੇ ਧਰਤੀ ਹੇਠ ਪਾਈਪ-ਲਾਈਨਾਂ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ ਅਤੇ ਚਾਲੂ ਸਾਲ ਦੌਰਾਨ 13,016 ਹੈਕਟੇਅਰ ਖੇਤਰ ਨੂੰ ਇਸ ਦਾ ਲਾਭ ਹੋਇਆ ਹੈ। ਮੈਂ ਮਿੱਟੀ ਅਤੇ ਪਾਣੀ ਦੀ ਸੰਭਾਲ ਲਈ 194 ਕਰੋੜ ਰੁਪਏ ਦੇ ਬਜਟ ਦੀਆਂ ਤਜਵੀਜ਼ਾ ਰੱਖਦਾ ਹਾਂ, ਜਿਸ ਵਿੱਚ ਕਿਸਾਨਾਂ ਨੂੰ ਸਿੰਚਾਈ ਲਈ ਅੰਡਰਗਰਾਉਂਡ ਪਾਈਪਲਾਈਨਾਂ ਵਿਛਾਉਣ ਹਿੱਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਦੋ ਨਵੇਂ ਨਾਬਾਰਡ ਪ੍ਰੋਜੈਕਟ ਸ਼ੁਰੂ ਕਰਨ ਦੀਆਂ ਤਜਵੀਜ਼ਾਂ ਸ਼ਾਮਲ ਹਨ।

### ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ

21. ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਤੋਂ ਬਿਨਾਂ ਵਿਭਿੰਨਤਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਰਾਜ ਦੀ ਗ੍ਰਾਮੀਣ ਆਰਥਿਕਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜ਼ਮੀਨੀ ਪੱਧਰ 'ਤੇ ਵਿਸ਼ੇਸ਼ ਵੈਟਰਨਰੀ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ, ਸਾਡੀ ਸਰਕਾਰ ਨੇ ਵਿੱਤੀ ਸਾਲ 2022-23 ਅਤੇ ਵਿੱਤੀ ਸਾਲ 2023-24 ਦੌਰਾਨ 326 ਵੈਟਰਨਰੀ ਅਫਸਰ ਅਤੇ 503 ਵੈਟਰਨਰੀ ਇੰਸਪੈਕਟਰ ਨਿਯੁਕਤ ਕੀਤੇ ਹਨ।

22. ਪਿੰਡ ਕਿੱਲਿਆਂ ਵਾਲੀ ਜ਼ਿਲ੍ਹਾ ਫਾਜ਼ਿਲਕਾ ਵਿਖੇ ਇੱਕ ਨਵਾਂ ਮੱਛੀ ਪੂੰਗ ਫਾਰਮ ਸਥਾਪਿਤ ਕੀਤਾ ਗਿਆ

ਹੈ। 3,233 ਏਕੜ ਦਾ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਗਿਆ ਹੈ। ਇੱਕ ਦਰਿਆ ਮੱਛੀ ਪਾਲਣ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ 3 ਲੱਖ ਮੱਛੀ ਪੂੰਗ ਨੂੰ ਦਰਿਆਵਾਂ ਵਿੱਚ ਪਾਇਆ ਗਿਆ ਹੈ।

## ਸਹਿਕਾਰਤਾ

ਸਪੀਕਰ ਸਾਹਿਬ,

23. "ਮਿਸ਼ਨ ਫੁਲਕਾਰੀ" ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਟੈਕਨਾਲੋਜੀ, ਦਿੱਲੀ ਦੁਆਰਾ ਪਿੰਡ ਪੱਧਰ ਦੇ ਕਾਰੀਗਰਾਂ ਨੂੰ ਨਵੀਨਤਮ ਸ਼ਿਲਪਕਾਰੀ ਤਕਨੀਕਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਵਿਭਿੰਨ ਈ-ਕਾਮਰਸ (e-Commerce) ਪਲੇਟਫਾਰਮਾਂ ਰਾਹੀਂ ਆਪਣੇ ਉਤਪਾਦ ਵੇਚਣ ਵਿੱਚ ਸਮਰੱਥ ਬਣਾਇਆ ਜਾਂਦਾ ਹੈ।

24. ਸਾਡੇ ਮਾਣਯੋਗ ਮੁੱਖ ਮੰਤਰੀ ਨੇ ਵੇਰਕਾ ਲੁਧਿਆਣਾ ਡੇਅਰੀ ਵਿਖੇ ਨਵੀਂ ਸਹੂਲਤ ਦਾ ਉਦਘਾਟਨ ਕੀਤਾ ਹੈ, ਜਿਸ ਵਿੱਚ ਤਾਜ਼ੇ ਦੁੱਧ ਅਤੇ ਫਰਮੈਂਟ ਕੀਤੇ ਉਤਪਾਦਾਂ ਲਈ ਆਟੋਮੈਟਿਕ ਦੁੱਧ ਰਿਸੈਪਸ਼ਨ, ਪ੍ਰੋਸੈਸਿੰਗ ਅਤੇ ਪੈਕੇਜਿੰਗ ਸਮਰੱਥਾਵਾਂ ਮੌਜੂਦ ਹਨ। ਪਲਾਂਟ ਦੀ ਰੋਜ਼ਾਨਾ ਦੁੱਧ ਦੀ ਪ੍ਰੋਸੈਸਿੰਗ 9 ਲੱਖ ਲੀਟਰ ਹੈ ਅਤੇ ਇਹ ਪ੍ਰਤੀ ਦਿਨ 10 ਮੀਟ੍ਰਿਕ ਟਨ ਮੱਖਣ ਦਾ ਉਤਪਾਦਨ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਤੋਂ ਇਲਾਵਾ, ਵੇਰਕਾ ਫਿਰੋਜ਼ਪੁਰ ਡੇਅਰੀ ਵਿਖੇ ਇੱਕ ਤਰਲ ਦੁੱਧ ਦੀ ਪ੍ਰੋਸੈਸਿੰਗ ਅਤੇ ਪੈਕੇਜਿੰਗ ਯੂਨਿਟ ਅਤੇ ਵੇਰਕਾ ਜਲੰਧਰ ਡੇਅਰੀ ਵਿਖੇ ਫਰਮੈਂਟ ਕੀਤੇ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਪੈਕਿੰਗ ਲਈ ਇੱਕ ਨਵੇਂ ਆਟੋਮੈਟਿਕ ਯੂਨਿਟ ਦਾ ਉਦਘਾਟਨ ਪਹਿਲਾਂ ਹੀ ਕਰ ਦਿੱਤਾ ਗਿਆ ਹੈ।

25. ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਚਾਲੂ ਸਾਲ ਦੌਰਾਨ ਗੰਨਾ ਕਿਸਾਨਾਂ ਨੂੰ 467 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਵਿੱਤੀ ਸਾਲ 2024-25 ਵਿੱਚ ਇਸ ਦੇ ਲਈ 390 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

26. ਸ਼ੂਗਰਫੈਡ ਨੇ ਝੋਨੇ ਦੀ ਪਰਾਲੀ ਰਾਹੀਂ ਚਲਣ ਵਾਲਾ ਆਪਣਾ ਪਹਿਲਾ 14 ਮੈਗਾਵਾਟ ਕੋ-ਜੈੱਨ (CO-GEN) ਪਲਾਂਟ ਸ਼ੁਰੂ ਕਰ ਦਿੱਤਾ ਹੈ ਜੋ ਕਿ ਭੋਗਪੁਰ ਸਹਿਕਾਰੀ ਖੰਡ ਮਿੱਲ ਵਿਖੇ ਚਲਾਇਆ ਜਾ ਰਿਹਾ ਹੈ। ਗੁਰਦਾਸਪੁਰ ਸਹਿਕਾਰੀ ਖੰਡ ਮਿੱਲ ਵਿੱਚ ਇੱਕ ਨਵਾਂ ਈਥਾਨੌਲ ਪ੍ਰੋਜੈਕਟ ਜਲਦੀ ਸ਼ੁਰੂ ਹੋਣ ਦੀ ਉਮੀਦ ਹੈ ਜਿਸ ਲਈ ਵਿੱਤੀ ਸਾਲ 2024-25 ਵਿੱਚ 24 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਦਾ ਉਪਬੰਧ ਕੀਤਾ ਗਿਆ ਹੈ।

27. ਮੈਂ ਰਾਜ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਅਤੇ ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (PACS) ਦੇ ਕਾਰਜਾਂ ਨੂੰ ਆਧੁਨਿਕ ਬਣਾਉਣ, ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ, ਉਨ੍ਹਾਂ ਦੇ ਕੰਪਿਊਟਰੀਕਰਨ ਲਈ ਵਿੱਤੀ ਸਾਲ 2024-25 ਵਿੱਚ 50 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ।

**ਜੰਗਲਾਤ ਅਤੇ ਜੰਗਲੀ ਜੀਵ**

28. ਪਨਕੈਂਪਾ, ਗਰੀਨ ਪੰਜਾਬ ਮਿਸ਼ਨ ਅਤੇ ਗ੍ਰੀਨ ਇੰਡੀਆ ਮਿਸ਼ਨ ਤਹਿਤ ਚਾਲੂ ਸਾਲ ਦੌਰਾਨ ਲਗਭਗ

5,735 ਹੈਕਟੇਅਰ ਰਕਬੇ ਵਿੱਚ 46.20 ਲੱਖ ਬੂਟੇ ਲਗਾਏ ਗਏ ਹਨ। ਵਾਈਲਡਲਾਈਫ ਮਿਟੀਗੇਸ਼ਨ ਉਪਾਵਾਂ ਨੂੰ ਲਾਗੂ ਕਰਨ ਦੇ ਨਜ਼ਰੀਏ ਨਾਲ, ਵਿੱਤੀ ਸਾਲ 2024-25 ਵਿੱਚ ਇੱਕ ਨਵੇਂ ਪ੍ਰੋਜੈਕਟ "ਹਿਊਮਨ ਵਾਈਲਡਲਾਈਫ ਕਾਨਫਲਿਕਟ ਮਿਟਿਗੇਸ਼ਨ ਸਕੀਮ" ਨੂੰ ਸ਼ੁਰੂ ਕੀਤੇ ਜਾਣ ਦੀ ਤਜਵੀਜ਼ ਹੈ।

29. ਵਿੱਤੀ ਸਾਲ 2024-25 ਵਿੱਚ ਜੰਗਲਾਤ ਸੁਰੱਖਿਆ ਯਤਨਾਂ ਦੀ ਸਪੋਰਟ ਲਈ 263 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

**ਸਿੱਖਿਆ**

ਮਾਣਯੋਗ ਸਪੀਕਰ ਸਾਹਿਬ,

30. 'ਆਪ' ਸਰਕਾਰ ਦਾ ਉਦੇਸ਼ 'ਪੜ੍ਹਿਆ-ਲਿਖਿਆ ਪੰਜਾਬ' ਹੀ ਨਹੀਂ ਸਗੋਂ ਇੱਕ 'ਗਿਆਨਵਾਨ ਪੰਜਾਬ' ਹੈ। ਸਾਡਾ ਮੰਤਵ ਸਿਰਫ਼ ਆਪਣੇ ਬੱਚਿਆਂ ਵਿੱਚ ਪੜ੍ਹਨ-ਲਿਖਣ ਦੀ ਯੋਗਤਾ ਪੈਦਾ ਕਰਨਾ ਹੀ ਨਹੀਂ, ਸਗੋਂ ਉਨ੍ਹਾਂ ਵਿੱਚ ਗਿਆਨ, ਨੈਤਿਕਤਾ ਅਤੇ ਸੰਵੇਦਨਾ ਪੈਦਾ ਕਰਨਾ ਵੀ ਹੈ। ਹੋਰ ਕੰਮਾਂ ਦੇ ਨਾਲ ਨਾਲ 12,316 ਅਧਿਆਪਕਾਂ ਨੂੰ ਰੈਗੂਲਰ ਕਰਨਾ, 9,518 ਅਧਿਆਪਕਾਂ ਦੀ ਭਰਤੀ, ਪ੍ਰਿੰਸੀਪਲਾਂ ਅਤੇ ਹੈੱਡਮਾਸਟਰਾਂ ਦਾ ਹੁਨਰ ਵਿਕਾਸ, ਸਕੂਲਾਂ ਵਿੱਚ ਸੁਰੱਖਿਆ ਸੁਧਾਰ, 12,000 ਤੋਂ ਵੱਧ ਇੰਟਰਨੈਟ ਕਨੈਕਸ਼ਨ ਲਗਾਉਣਾ, ਸਕੂਲਾਂ ਵਿਚ ਲਗਭਗ 4,300 ਸ਼ੋਚਾਲਿਆਂ ਦੀ ਮੁਰੰਮਤ ਅਤੇ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਦੀ ਸਪਲਾਈ ਕਰਨਾ ਸਾਡੀਆਂ ਪ੍ਰਾਪਤੀਆਂ ਰਹੀਆਂ ਹਨ।

31. ਸਾਡੀ ਸਰਕਾਰ ਸਿੱਖਿਆ ਪ੍ਰਣਾਲੀ ਦਾ ਪੱਧਰ ਉੱਚਾ ਚੁੱਕਣ ਅਤੇ ਇਸ ਨੂੰ ਮੌਜੂਦਾ ਆਰਥਿਕ ਮਾਹੌਲ

ਦੀਆਂ ਮੰਗਾਂ ਦੇ ਅਨੁਕੂਲ ਬਣਾਉਣ ਲਈ ਵਚਨਬੱਧ ਹੈ। ਮੈਂ ਸਿੱਖਿਆ ਖੇਤਰ ਲਈ ਵਿੱਤੀ ਸਾਲ 2024-25 ਵਿੱਚ 16,987 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ ਜੋਕਿ ਕੁੱਲ ਖਰਚੇ ਦਾ ਲਗਭਗ 11.5 ਫੀਸਦੀ ਹੈ।

### ਸਕੂਲੀ ਸਿੱਖਿਆ

32. ਸਾਡੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਵਿਚ ਚਾਰਦੀਵਾਰੀਆਂ ਦੀ ਉਸਾਰੀ ਅਤੇ ਮੁਰੰਮਤ ਦੇ ਉਪਰਾਲੇ ਇਕ ਵਿਸ਼ੇਸ਼ ਬੁਨਿਆਦੀ ਢਾਂਚਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਚਾਲੂ ਵਿੱਤੀ ਸਾਲ ਦੌਰਾਨ 2,563 ਸਕੂਲਾਂ ਦੀ ਚਾਰਦੀਵਾਰੀ ਬਣਾਈ ਗਈ ਹੈ ਅਤੇ ਹੋਰ 3,055 ਸਕੂਲਾਂ ਦੀਆਂ ਚਾਰਦੀਵਾਰੀਆਂ ਦੀ ਮੁਰੰਮਤ ਕੀਤੀ ਗਈ ਹੈ।

### ਸਕੂਲਜ਼ ਆਫ਼ ਐਮੀਨੈਂਸ

33. ਸਰ, ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ 118 ਸਰਕਾਰੀ ਸਕੂਲ ਅਤਿ-ਆਧੁਨਿਕ ਸਕੂਲ ਆਫ਼ ਐਮੀਨੈਂਸ ਵਿੱਚ ਤਬਦੀਲ ਕੀਤੇ ਜਾ ਰਹੇ ਹਨ ਅਤੇ ਹੁਣ ਤੱਕ 14 ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਇਸ ਉਦੇਸ਼ ਲਈ ਵਿੱਤੀ ਸਾਲ 2024-25 ਵਿੱਚ 100 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਹੈ।

### ਸਕੂਲ ਆਫ਼ ਬ੍ਰਿਲੀਐਂਸ

34. ਸਾਡੀ ਸਰਕਾਰ ਨੇ 100 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ “ਸਕੂਲ ਆਫ਼ ਬ੍ਰਿਲੀਐਂਸ” ਵਿਚ

ਤਬਦੀਲ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਮੰਤਵ ਲਈ ਵਿੱਤੀ ਸਾਲ 2024-25 ਵਿੱਚ 10 ਕਰੋੜ ਰੁਪਏ ਦਾ ਸ਼ੁਰੂਆਤੀ ਪ੍ਰਸਤਾਵ ਰੱਖਿਆ ਗਿਆ ਹੈ। ਇਸ ਸਕੀਮ ਦਾ ਉਦੇਸ਼ ਪੇਂਡੂ ਸਰਕਾਰੀ ਸਕੂਲਾਂ ਵਿੱਚ 6ਵੀਂ ਕਲਾਸ ਤੋਂ ਲੈ ਕੇ 12ਵੀਂ ਕਲਾਸ ਤੱਕ ਸਿੱਖਿਆ ਦੀ ਗੁਣਵੱਤਾ ਵਧਾਉਣਾ ਹੈ।

**ਸਕੂਲ ਆਫ਼ ਅਪਲਾਈਡ ਲਰਨਿੰਗ**

35. ਇਸ ਤੋਂ ਇਲਾਵਾ, ਵਿਦਿਆਰਥੀਆਂ ਵਿੱਚ ਤਕਨੀਕੀ ਹੁਨਰਾਂ ਸਮੇਤ ਹੋਰ ਹੁਨਰਾਂ ਨੂੰ ਵਿਕਸਤ ਕਰਨ ਦੇ ਦ੍ਰਿਸ਼ਟੀਕੋਣ ਨਾਲ, ਉਹਨਾਂ ਨੂੰ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਉਣ ਲਈ, ਮੈਂ "ਸਕੂਲ ਆਫ਼ ਅਪਲਾਈਡ ਲਰਨਿੰਗ" ਦੀ ਸਥਾਪਨਾ ਕਰਨ ਲਈ ਵਿੱਤੀ ਸਾਲ 2024-25 ਦੌਰਾਨ ਬਜਟ ਵਿੱਚ 10 ਕਰੋੜ ਰੁਪਏ ਦਾ ਸ਼ੁਰੂਆਤੀ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ। ਪਹਿਲੇ ਪੜਾਅ ਵਿਚ 40 ਸਕੂਲਾਂ ਵਿਚ ਹਾਈ-ਟੈਕ ਵੋਕੇਸ਼ਨਲ ਲੈਬਾਂ ਬਣਾਈਆਂ ਜਾਣਗੀਆਂ।

**ਸਕੂਲ ਆਫ ਹੈਪੀਨੈਸ**

36. 3 ਤੋਂ 11 ਸਾਲ ਦੇ ਉਮਰ ਦੇ ਵਿਦਿਆਰਥੀਆਂ ਦੀ ਸਿਖਲਾਈ ਵਾਸਤੇ ਅਨੁਕੂਲ ਮਾਹੌਲ ਬਣਾਉਣ ਲਈ ਅਸੀਂ 100 ਪ੍ਰਾਇਮਰੀ ਸਰਕਾਰੀ ਸਕੂਲਾਂ ਨੂੰ "ਸਕੂਲ ਆਫ਼ ਹੈਪੀਨੈਸ" ਵਿੱਚ ਬਦਲਣ ਦੀ ਤਜਵੀਜ਼ ਰੱਖਦੇ ਹਾਂ। ਇਸ ਸਕੀਮ ਅਧੀਨ ਚੰਗੇ-ਹਵਾਦਾਰ ਕਲਾਸ-ਰੂਮ, ਵਧੀਆ ਖੇਡ ਮੈਦਾਨ ਅਤੇ ਐਕਟੀਵਿਟੀ ਕਾਰਨਰ ਦੀ ਸ਼ੁਰੂਆਤ ਲਈ ਵਿੱਤੀ ਸਾਲ 2024-25 ਵਿੱਚ 10 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਮਿਸ਼ਨ ਸਮਰੱਥ

37. ਸਾਡੀ ਸਰਕਾਰ ਨੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਦੀ ਸਿੱਖਿਆ ਦੀ ਬੁਨਿਆਦ ਨੂੰ ਮਜਬੂਤ ਕਰਨ ਲਈ "ਮਿਸ਼ਨ ਸਮਰੱਥ" ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਹੈ। ਮੈਂ ਵਿੱਤੀ ਸਾਲ 2024-25 ਵਿੱਚ 10 ਕਰੋੜ ਰੁਪਏ ਦੀ ਅਲਾਟਮੈਂਟ ਦਾ ਪ੍ਰਸਤਾਵ ਰੱਖਦਾ ਹਾਂ।

38. ਉਪਰੋਕਤ ਪਹਿਲਕਦਮੀਆਂ ਤੋਂ ਇਲਾਵਾ, ਸਾਡੀ ਸਰਕਾਰ ਮੌਜੂਦਾ ਸਿੱਖਿਆ ਸਕੀਮਾਂ ਨੂੰ ਸਹਾਇਤਾ ਦੇਣਾ ਜਾਰੀ ਰੱਖੇਗੀ, ਇਨ੍ਹਾਂ ਲਈ ਤਜਵੀਜ਼ਤ ਅਲਾਟਮੈਂਟਾਂ ਦੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

i. ਸਮੱਗਰਾ ਸਿਕਸ਼ਾ ਅਭਿਆਨ : 1,593 ਕਰੋੜ ਰੁਪਏ;

ii. 16.35 ਲੱਖ ਵਿਦਿਆਰਥੀਆਂ ਨੂੰ ਮਿਡ-ਡੇਅ-ਮੀਲ ਮੁਹੱਈਆ ਕਰਵਾਉਣ ਲਈ : 467 ਕਰੋੜ ਰੁਪਏ;

iii. ਮੁਫ਼ਤ ਕਿਤਾਬਾਂ, ਸਕੂਲਾਂ ਦੀ ਮੁਰੰਮਤ ਅਤੇ ਰੱਖ-ਰਖਾਅ ਲਈ : 140 ਕਰੋੜ ਰੁਪਏ;

iv. ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਅਤੇ ਛੱਤ ਦੇ ਉੱਪਰ ਸੋਲਰ ਪੈਨਲ ਲਗਾਉਣ ਲਈ : 160 ਕਰੋੜ ਰੁਪਏ;

v. ਸਰਕਾਰੀ ਸਕੂਲਾਂ ਦੀ ਸਾਂਭ-ਸੰਭਾਲ ਲਈ ਵਿੱਤੀ ਸਹਾਇਤਾ : 82 ਕਰੋੜ ਰੁਪਏ;

vi. ਪ੍ਰੀ-ਪ੍ਰਾਇਮਰੀ ਦੇ ਵਿਦਿਆਰਥੀਆਂ ਨੂੰ ਵਰਦੀਆਂ ਦੇਣ ਲਈ : 35 ਕਰੋੜ ਰੁਪਏ; ਅਤੇ

vii. ਪੰਜਾਬ ਨੌਜਵਾਨ ਉੱਦਮੀ ਪ੍ਰੋਗਰਾਮ : 15 ਕਰੋੜ ਰੁਪਏ।

## ਉਚੇਰੀ ਸਿੱਖਿਆ

39. 'ਆਪ' ਸਰਕਾਰ ਦਾ ਮੰਨਣਾ ਹੈ ਕਿ ਉਚੇਰੀ ਸਿੱਖਿਆ ਕੇਵਲ ਗਿਆਨ ਪ੍ਰਦਾਨ ਕਰਨ ਬਾਰੇ ਹੀ ਨਹੀਂ

ਹੈ, ਸਗੋਂ ਵਿਦਿਆਰਥੀਆਂ ਵਿਚ ਆਲੋਚਨਾਤਮਕ ਸੋਚ ਪੈਦਾ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਵੀ ਹੈ। ਸਾਡੀ ਸਰਕਾਰ ਨੇ ਵਿੱਤੀ ਸਾਲ 2024-25 ਵਿੱਚ ਹੇਠ ਲਿਖੇ ਰਾਖਵੇਂਕਰਨ ਦੀ ਤਜਵੀਜ਼ ਰੱਖਦੀ ਹੈ:

i. ਰਾਸ਼ਟਰੀ ਉਚਤਰ ਸਿਕਸ਼ਾ ਅਭਿਆਨ (ਰੂਸਾ): 80 ਕਰੋੜ ਰੁਪਏ;

ii. ਬੁਨਿਆਦੀ ਢਾਂਚੇ ਦੇ ਸੁਧਾਰ; ਖੇਡ ਸਹੂਲਤਾਂ; ਲਾਇਬ੍ਰੇਰੀਆਂ; ਸਕਿੱਲ ਓਰੀਐਂਟੇਸ਼ਨ ਪ੍ਰੋਗਰਾਮ ਲਈ : 10 ਕਰੋੜ ਰੁਪਏ;

iii. ਯੂਨੀਵਰਸਿਟੀ ਫੀਸ ਵਿੱਚ ਰਿਆਇਤ ਲਈ ਮੁੱਖ ਮੰਤਰੀ ਵਜ਼ੀਫ਼ਾ : 6 ਕਰੋੜ ਰੁਪਏ; ਅਤੇ

iv. ਸੈਨੇਟਰੀ ਨੈਪਕਿਨ ਪ੍ਰਦਾਨ ਕਰਨ ਲਈ : 5 ਕਰੋੜ ਰੁਪਏ।

## ਤਕਨੀਕੀ ਸਿੱਖਿਆ

40. ਪੰਜਾਬ ਸਰਕਾਰ ਤਕਨੀਕੀ ਸਿੱਖਿਆ ਦੀ ਮਹੱਤਤਾ ਨੂੰ ਵਿਕਾਸ ਲਈ ਇਕ ਮੁੱਖ ਸ੍ਰੋਤ ਵਜੋਂ ਮੰਨਦੀ ਹੈ, ਅਤੇ ਤਕਨੀਕੀ ਸਿੱਖਿਆ ਪ੍ਰਣਾਲੀ ਉਦਯੋਗ ਦੀਆਂ ਮੰਗਾਂ ਅਤੇ ਵਿਸ਼ੇਸ਼ਤਾਵਾਂ ਦੇ ਅਨੁਕੂਲ ਹੋਵੇ, ਇਹ ਯਕੀਨੀ ਬਣਾਉਣ ਲਈ ਵੱਖ-ਵੱਖ ਖੇਤਰਾਂ ਵਿਚ ਠੋਸ ਯਤਨ ਕੀਤੇ ਗਏ ਹਨ।

41. ਮੈਂ ਦੱਸਣਾ ਚਾਹਾਂਗਾ ਕਿ ਲੜਕੀਆਂ ਲਈ 5 ਸਰਕਾਰੀ ਪੋਲੀਟੈਕਨਿਕ ਕਾਲਜਾਂ ਨੂੰ ਸਾਂਝੀਆਂ ਵਿਦਿਅਕ ਸੰਸਥਾਵਾਂ ਵਿੱਚ ਬਦਲ ਦਿੱਤਾ ਗਿਆ ਹੈ, ਜਿਸ ਨਾਲ ਬੁਨਿਆਦੀ ਢਾਂਚੇ ਦੇ ਸਦਉਪਯੋਗ ਦੀ ਸਹੂਲਤ ਦਿੰਦੇ ਹੋਏ ਦਾਖਲਿਆਂ ਵਿਚ ਵਾਧਾ ਹੋਇਆ ਹੈ। ਸਿਖਲਾਈ ਦੀ ਦੋਹਰੀ ਪ੍ਰਣਾਲੀ ਅਧੀਨ 180 ਐਮ.ਓ.ਯੂ ਕਾਰਜਸ਼ੀਲ ਹਨ ਅਤੇ 2760 ਵਿਦਿਆਰਥੀਆਂ ਨੇ ਸਿਖਲਾਈ ਪ੍ਰਾਪਤ ਕੀਤੀ ਹੈ। ਇਸ ਤੋਂ ਇਲਾਵਾ, ਸਥਾਨਕ ਮੰਗ ਦੇ ਆਧਾਰ 'ਤੇ ਮੌਜੂਦਾ ਪੌਲੀਟੈਕਨਿਕਾਂ ਵਿਚ ਨਵੇਂ ਕੋਰਸ ਸ਼ੁਰੂ ਕੀਤੇ ਜਾਣਗੇ। ਤਕਨੀਕੀ ਸਿੱਖਿਆ ਵਿਭਾਗ ਦੇ

ਭਵਿੱਖੀ ਉਪਰਾਲਿਆਂ ਲਈ ਵਿੱਤੀ ਸਾਲ 2024-25 ਵਿੱਚ 525 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਹੈ।

## ਮੈਡੀਕਲ ਸਿੱਖਿਆ ਅਤੇ ਖੋਜ

42. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਣ ਵਿਚ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ 114 ਕਰੋੜ ਰੁਪਏ ਦੀ ਲਾਗਤ ਨਾਲ ਸਟੇਟ ਕੈਂਸਰ ਇੰਸਟੀਚਿਊਟ ਅਤੇ ਫਾਜ਼ਿਲਕਾ ਵਿਖੇ 45 ਕਰੋੜ ਰੁਪਏ ਦੀ ਲਾਗਤ ਨਾਲ ਟਰਸ਼ਰੀ ਕੈਂਸਰ ਸੈਂਟਰ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ, ਹੁਸ਼ਿਆਰਪੁਰ ਵਿਖੇ "ਸੀ.ਐਮ. ਦੀ ਯੋਗਸ਼ਾਲਾ" ਦੀ ਸਥਾਪਨਾ ਵੀ ਕੀਤੀ ਗਈ ਹੈ।

43. ਸਾਡੀ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ ਮੁਕੰਮਲ ਹੋ ਗਿਆ ਹੈ ਅਤੇ ਓਪੀਡੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਇਸ ਵਿਸ਼ੇਸ਼ ਇੰਸਟੀਚਿਊਟ ਵਿਚ ਡਾਕਟਰਾਂ, ਨਰਸਾਂ ਅਤੇ ਸਹਾਇਕ ਸਟਾਫ ਦੀ ਮਜ਼ਬੂਤ ਟੀਮ ਦੇ ਨਾਲ ਬੇਮਿਸਾਲ ਹੈਲਥਕੇਅਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

44. ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਬਰਨ ਯੂਨਿਟ ਦਾ ਨਿਰਮਾਣ; ਸੀਨੀਅਰ-ਜੂਨੀਅਰ ਡਾਕਟਰਾਂ ਅਤੇ ਹੋਰ ਕਰਮਚਾਰੀਆਂ ਲਈ ਬਹੁ-ਮੰਜ਼ਲੀ ਰਿਹਾਇਸ਼ ਤੋਂ ਇਲਾਵਾ 110 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਇੱਕ ਸਪੋਰਟਸ ਕੰਪਲੈਕਸ ਵੀ ਉਸਾਰੀ ਅਧੀਨ ਹੈ। ਇਸ ਤੋਂ ਇਲਾਵਾ, ਮਸਤੂਆਣਾ ਸਾਹਿਬ, ਸੰਗਰੂਰ; ਕਪੂਰਥਲਾ; ਮਲੇਰਕੋਟਲਾ ਅਤੇ ਹੁਸ਼ਿਆਰਪੁਰ ਵਿਖੇ ਹਰੇਕ ਵਿੱਚ 100 ਐਮ.ਬੀ.ਬੀ.ਐਸ. ਸੀਟਾਂ

ਵਾਲੇ ਮੈਡੀਕਲ ਕਾਲਜਾਂ 'ਤੇ ਵਿੱਤੀ ਸਾਲ 2024-25 ਵਿੱਚ ਕੰਮ ਸ਼ੁਰੂ ਹੋਣ ਦੀ ਉਮੀਦ ਹੈ।

45. ਮੈਂ ਵਿੱਤੀ ਸਾਲ 2024-25 ਵਿੱਚ ਮੈਡੀਕਲ ਸਿੱਖਿਆ ਅਤੇ ਖੋਜ ਦੇ ਅਧੀਨ ਵਿਕਾਸ ਸੰਬੰਧੀ ਕਾਰਜਾਂ ਨੂੰ ਸ਼ੁਰੂ ਕਰਨ ਲਈ 1,133 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ ਜਿਸ ਵਿੱਚ ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿਖੇ ਲੜਕੀਆਂ ਦੇ ਹੋਸਟਲ ਦੀ ਉਸਾਰੀ ਲਈ ਵਿਸ਼ੇਸ਼ ਉਪਬੰਧ ਸ਼ਾਮਲ ਹੈ।

## ਯੂਨੀਵਰਸਿਟੀਆਂ ਅਤੇ ਕਾਂਸਚਿਊਐਂਟ ਕਾਲਜਾਂ ਨੂੰ ਗ੍ਰਾਂਟ-ਇਨ-ਏਡ

46. ਆਪ ਸਰਕਾਰ ਵੱਖ-ਵੱਖ ਰਾਜ ਯੂਨੀਵਰਸਿਟੀਆਂ ਜਿਵੇਂ ਕਿ ਗਡਵਾਸੂ, ਪੀ.ਏ.ਯੂ, ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਜੀ.ਐਨ.ਡੀ.ਯੂ ਅਤੇ ਉਨ੍ਹਾਂ ਦੇ ਕਾਂਸਚਿਊਐਂਟ ਕਾਲਜਾਂ ਨੂੰ ਸਹਾਇਤਾ ਦੇਣਾ ਜਾਰੀ ਰੱਖੇਗੀ। ਜਿਸ ਲਈ ਵਿੱਤੀ ਸਾਲ 2024-25 ਵਿੱਚ 1,425 ਕਰੋੜ ਰੁਪਏ ਦੀ ਬਜਟ ਵੰਡ ਦੀ ਤਜਵੀਜ਼ ਹੈ।

47. ਸਪੀਕਰ ਸਾਹਿਬ, ਸਾਡੀ ਸਰਕਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੀ ਮਹੱਤਤਾ ਨੂੰ ਸਮਝਦੀ ਹੈ, ਪਰੰਤੂ ਪੁਰਾਣੀ ਸਰਕਾਰਾਂ ਵੱਲੋਂ ਇਸ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਤਕਨਲੋਜੀ ਦੀ ਉੱਨਤੀ ਲਈ ਅਤੇ ਪੀ.ਏ.ਯੂ. ਵੱਲੋਂ ਨਿਭਾਈ ਗਈ ਭੂਮਿਕਾ ਨੂੰ ਸਮਝਦੇ ਹੋਏ, ਵਿੱਤੀ ਸਾਲ 2024-25 ਵਿੱਚ ਯੂਨੀਵਰਸਿਟੀ ਵਿੱਚ ਖੋਜ ਨਾਲ ਸਬੰਧਤ ਅਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਲਈ 40 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ

ਹੋਸਟਲ ਦੀ ਉਸਾਰੀ ਲਈ ਵਿੱਤੀ ਸਾਲ 2024-25 ਵਿੱਚ 40 ਕਰੋੜ ਰੁਪਏ ਦੀ ਸ਼ੁਰੂਆਤੀ ਅਲਾਟਮੈਂਟ ਦੀ ਤਜਵੀਜ ਹੈ।

### ਖੇਡਾਂ ਅਤੇ ਯੁਵਾ ਸੇਵਾਵਾਂ

48. ਸਾਡੇ ਪਿਛਲੇ ਬਜਟ ਵਿਚ ਕੀਤੇ ਵਾਅਦੇ ਅਨੁਸਾਰ ਅਸੀਂ ਨਵੀਂ ਖੇਡ ਨੀਤੀ ਦਾ ਐਲਾਨ ਕੀਤਾ ਹੈ ਤੇ ਨਾਲ ਹੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੈਡਲ ਜੇਤੂਆਂ ਲਈ ਇਨਾਮੀ ਰਾਸ਼ੀ ਵਿਚ ਢੁਕਵਾਂ ਵਾਧਾ ਕੀਤਾ ਹੈ। ਇਸ ਦੇ ਨਾਲ ਹੀ "ਖੇਡਾਂ ਵਤਨ ਪੰਜਾਬ ਦੀਆਂ" ਦੇ ਸਮਾਗਮਾਂ ਨੂੰ ਸ਼ੁਰੂ ਕਰਕੇ ਪੰਜਾਬ ਵਿਚ ਨਵੀਂ ਖੇਡ ਭਾਵਨਾ ਨੂੰ ਪੈਦਾ ਕੀਤਾ ਹੈ। ਇਸ ਤੋਂ ਇਲਾਵਾ ਇਸੇ ਸਾਲ ਦੌਰਾਨ ਲਗਭਗ 14,728 ਖਿਡਾਰੀਆਂ ਨੂੰ 54 ਕਰੋੜ ਰੁਪਏ ਦੇ ਪੁਰਸਕਾਰ ਵੰਡੇ ਗਏ ਹਨ। ਗਿਆਰਾਂ (11) ਖਿਡਾਰੀਆਂ ਨੂੰ ਨੌਕਰੀਆਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਚਾਰ (4) ਨੂੰ PCS ਅਤੇ ਸੱਤ (7) ਖਿਡਾਰੀਆਂ ਨੂੰ PPS ਵਿਚ ਨੌਕਰੀ ਦਿੱਤੀ ਗਈ ਹੈ।

49. 'ਆਪ' ਸਰਕਾਰ ਨੇ ਰਾਜ ਦੇ 180 ਉੱਘੇ ਖਿਡਾਰੀਆਂ ਅਤੇ ਉਭਰਦੇ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਵਜੀਫ਼ਿਆਂ ਨੂੰ ਦੁੱਗਣਾ ਕਰਦੇ ਹੋਏ ਕ੍ਰਮਵਾਰ 16,000/- ਰੁਪਏ ਅਤੇ 12,000/- ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਹੈ। ਮੈਂ ਪੰਜਾਬ ਦੀਆਂ ਖੇਡਾਂ ਵਿਚ ਵਿਸ਼ਵ ਪੱਧਰੀ ਹੁਨਰ ਸਿਰਜਨ ਦੀ ਆਸ ਨਾਲ ਵਿੱਤੀ ਸਾਲ 2024-25 ਵਿੱਚ ਖੇਡਾਂ ਅਤੇ ਯੁਵਕ ਸੇਵਾਵਾਂ ਲਈ 272 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ।

**ਸਪੋਰਟਸ ਨਰਸਰੀਆਂ**

50. ਸਾਡੀ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ 06 ਤੋਂ 17 ਸਾਲ ਦੀ ਉਮਰ ਦੇ 60,000 ਖਿਡਾਰੀਆਂ ਲਈ 1000 ਖੇਡ ਨਰਸਰੀਆਂ ਸਥਾਪਤ ਕਰਨ ਦੀ ਤਜਵੀਜ਼ ਹੈ। ਪਹਿਲੇ ਪੜਾਅ ਵਿੱਚ 250 ਨਰਸਰੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਜਿਨ੍ਹਾਂ ਵਿਚ ਖਿਡਾਰੀਆਂ ਲਈ ਯੋਗ ਕੋਚਿੰਗ, ਖੇਡਾਂ ਦੇ ਸਾਜ਼ੋ-ਸਾਮਾਨ ਦੀ ਉਪਲੱਬਧਤਾ ਹੋਵੇਗੀ ਅਤੇ ਇਸ ਲਈ ਵਿੱਤੀ ਸਾਲ 2024-25 ਵਿੱਚ 50 ਕਰੋੜ ਰੁਪਏ ਦਾ ਸ਼ੁਰੂਆਤੀ ਖਰਚਾ ਤਜਵੀਜ਼ਤ ਹੈ।

**ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ**

51. ਖੇਡ ਵਿਗਿਆਨ, ਖੇਡ ਤਕਨਾਲੋਜੀ, ਖੇਡ ਪ੍ਰਬੰਧਨ, ਕੋਚਿੰਗ ਆਦਿ ਖੇਤਰਾਂ ਵਿੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ, ਮੈਂ ਵਿੱਤੀ ਸਾਲ 2024-25 ਵਿੱਚ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਲਈ 34 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

**ਸਿਹਤ**

***ਸਪੀਕਰ ਸਾਹਿਬ, ਇਹ ਕਿਹਾ ਜਾਂਦਾ ਹੈ ਕਿ-***

***" ਸਿਹਤ ਹੈ ਤਾਂ ਆਸ ਹੈ ਅਤੇ ਆਸ ਹੈ ਤਾਂ ਸਭ ਕੁਝ ਹੈ "***

52. ਪਿਛਲੇ ਦੋ ਸਾਲਾਂ ਦੌਰਾਨ, ਸਾਡੀ ਸਰਕਾਰ 03 ਕਰੋੜ ਪੰਜਾਬੀਆਂ ਦੀ ਭਲਾਈ ਲਈ ਦ੍ਰਿੜ ਵਚਨਬੱਧਤਾ ਦਿਖਾਉਂਦੇ ਹੋਏ, ਸਿਹਤ ਖੇਤਰ ਵਿੱਚ ਪਰਿਵਰਤਨਸ਼ੀਲ ਪਹਿਲਕਦਮੀਆਂ ਨੂੰ ਲਾਗੂ ਕਰਨ ਵਿੱਚ ਸਭ ਤੋਂ ਅੱਗੇ ਰਹੀ ਹੈ। ਸਿਹਤ ਸੰਭਾਲ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਅਤੇ ਪ੍ਰਦਾਨ ਕੀਤੀਆਂ ਜਾ

ਰਹੀਆਂ ਸੇਵਾਵਾਂ ਵਿਚ ਵਾਧੇ ਲਈ ਅਨੇਕ ਉਪਾਅ ਲਾਗੂ ਕੀਤੇ ਗਏ ਹਨ। ਸਿਹਤ ਸੇਵਾਵਾਂ ਸ਼ੁਰੂ ਕਰਨ ਲਈ ਵਿੱਤੀ ਸਾਲ 2024-25 ਵਿੱਚ 5,264 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

**ਆਮ ਆਦਮੀ ਕਲੀਨਿਕ**

53. ਰਾਜ ਵਿੱਚ ਕੁੱਲ 829 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਚੁੱਕੇ ਹਨ ਅਤੇ ਹੋਰ ਬਹੁਤ ਸਾਰੇ ਆਮ ਆਦਮੀ ਕਲੀਨਿਕ ਪ੍ਰਗਤੀ ਅਧੀਨ ਹਨ। ਇਨ੍ਹਾਂ ਕਲੀਨਿਕਾਂ ਵਿੱਚ 80 ਕਿਸਮਾਂ ਦੀਆਂ ਦਵਾਈਆਂ ਅਤੇ 38 ਡਾਇਗਨੋਸਟਿਕ ਲੈਬ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਹੁਣ ਤੱਕ, 01 ਕਰੋੜ ਤੋਂ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਅਤੇ 31 ਲੱਖ ਤੋਂ ਵੱਧ ਡਾਇਗਨੋਸਟਿਕ ਲੈਬ ਟੈਸਟ ਕਰਵਾਏ ਜਾ ਚੁੱਕੇ ਹਨ। ਇਸ ਪਹਿਲਕਦਮੀ ਨੂੰ ਸੁਚਾਰੂ ਬਣਾਉਣ ਲਈ ਵਿੱਤੀ ਸਾਲ 2024-25 ਵਿੱਚ 249 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

**ਫਰਿਸ਼ਤੇ**

54. ਸਾਡੀ ਸਰਕਾਰ ਨੇ ਕੀਤੇ ਗਏ ਵਾਅਦੇ ਅਨੁਸਾਰ ਸੜਕ ਹਾਦਸਿਆਂ ਵਿੱਚ ਸੱਟਾਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਉਣ ਦੇ ਇਰਾਦੇ ਨਾਲ ਅਤੇ ਉਪਲਬਧ ਸਰਕਾਰੀ/ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਤੁਰੰਤ, ਰੁਕਾਵਟ-ਰਹਿਤ ਇਲਾਜ ਮੁਹੱਈਆ ਕਰਵਾਉਣ ਦੇ ਲਈ ਇਕ ਨਵੀਂ "ਫਰਿਸ਼ਤੇ" ਸਕੀਮ ਸ਼ੁਰੂ ਕੀਤੀ ਹੈ। ਇਸ ਤੋਂ ਇਲਾਵਾ, ਦੁਰਘਟਨਾ ਪੀੜਤਾਂ ਦੀ ਮਦਦ ਲਈ ਆਮ ਲੋਕਾਂ ਨੂੰ ਅੱਗੇ ਆਉਣ ਅਤੇ ਪੀੜਤਾਂ ਦੀਆਂ ਜਾਨਾਂ ਬਚਾਉਣ ਦੇ ਲਈ ਉਤਸ਼ਾਹਿਤ ਕਰਨ ਲਈ ਅਜਿਹੇ "ਫਰਿਸ਼ਤਿਆਂ" ਨੂੰ ਨਕਦ ਇਨਾਮ, ਪ੍ਰਸ਼ੰਸਾ

ਪੱਤਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਉਲਝਣਾਂ ਅਤੇ ਪੁਲਿਸ ਪੁੱਛਗਿੱਛ ਤੋਂ ਛੋਟ ਹੋਵੇਗੀ। ਇਸ ਮੰਤਵ ਲਈ ਵਿੱਤੀ ਸਾਲ 2024-25 ਵਿੱਚ 20 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਰਾਖਵੇਂਕਰਨ ਦੀ ਤਜਵੀਜ਼ ਹੈ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ,ਵਿੱਤ ਮੰਤਰੀ ਜੀ, ਸਾਹ ਲੈ ਲੈਣਗੇ।

**ਮਾਣਯੋਗ ਸਪੀਕਰ:** ਰਾਜਾ ਜੀ, ਤੁਸੀਂ ਆਪਣੇ ਪੁਆਇੰਟ ਨੋਟ ਕਰ ਲਓ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਮੇਰਾ ਪੁਆਇੰਟ ਆਫ ਆਰਡਰ ਹੈ ਜੀ।

**ਮਾਣਯੋਗ ਸਪੀਕਰ:** ਕੱਲ੍ਹ ਬਹਿਸ ਹੈ, ਕੱਲ੍ਹ ਆਪਣੇ ਪੁਆਇੰਟ ਰੱਖ ਲੈਣਾ।

**ਵਿੱਤ ਮੰਤਰੀ:** ਮੈਂ ਸਾਰੇ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਕੱਲ੍ਹ ਤੁਹਾਡੇ ਇਕੱਲੇ ਇਕੱਲੇ ਪੁਆਇੰਟ ਦਾ ਜਵਾਬ ਦੇਵਾਂਗਾ। ਜਿਸ ਤਰ੍ਹਾਂ ਤੁਸੀਂ ਅੱਜ ਬੜੀ ਸ਼ਾਂਤੀ ਨਾਲ ਬੈਠੇ ਹੋ, ਉਸੇ ਤਰ੍ਹਾਂ ਕੱਲ੍ਹ ਬੈਠ ਜਾਣਾ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਮੰਤਰੀ ਸਾਹਿਬ ਤੁਹਾਨੂੰ ਵੀ ਸਾਹ ਮਿਲ ਜਾਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮਾਣਯੋਗ ਵਿੱਤ ਮੰਤਰੀ ਜੀ ਨੇ ਫਰਿਸ਼ਤੇ ਸਕੀਮ ਦਾ ਜ਼ਿਕਰ ਕੀਤਾ ਹੈ, ਇਸ ਸਕੀਮ ਦਾ ਪਿਛਲੀ ਵਾਰ ਵੀ ਮੈਂ ਧੰਨਵਾਦ ਕਰ ਚੁੱਕਿਆ ਹਾਂ। ਇਹ ਸਕੀਮ ਇਸ ਵਾਰ ਫਿਰ ਬਜਟ ਵਿੱਚ ਹੈ। ਕੀ ਇਹ ਨਵੀਂ ਸਕੀਮ ਹੈ। ਕੀ ਇਹ ਫਰਿਸ਼ਤੇ ਸਕੀਮ -2 ਹੈ।

**ਮਾਣਯੋਗ ਸਪੀਕਰ:** ਕੀ ਇਹ ਮਾੜੀ ਸਕੀਮ ਹੈ। ਤੁਸੀਂ ਇਸ ਸਕੀਮ ਬਾਰੇ ਬਜਟ ਵਿੱਚ ਗੱਲ ਕਰਿਓ। ਕੱਲ੍ਹ ਬਹਿਸ ਵਿੱਚ ਡਿਸਕਸ਼ਨ ਕਰ ਲੈਣਾ। ਬੈਠੋ, ਬੈਠੋ। ਹਾਂ ਜੀ, ਵਿੱਤ ਮੰਤਰੀ ਜੀ ਤੁਸੀਂ ਕੰਟੀਨਿਊ ਕਰੋ।

**ਆਯੁਸ਼ਮਾਨ ਭਾਰਤ- ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ**

55. ਇਸ ਸਕੀਮ ਅਧੀਨ, ਕੁੱਲ 44.10 ਲੱਖ ਪਰਿਵਾਰਾਂ ਵਿੱਚੋਂ, 35.59 ਲੱਖ ਪਰਿਵਾਰਾਂ ਲਈ ਈ-ਕਾਰਡ ਬਣਾਏ ਗਏ ਹਨ। 207 ਸਰਕਾਰੀ, 570 ਨਿੱਜੀ ਅਤੇ 6 ਭਾਰਤ ਸਰਕਾਰ ਦੁਆਰਾ ਸੂਚੀਬੱਧ ਹਸਪਤਾਲਾਂ ਰਾਹੀਂ ਇਲਾਜ 'ਤੇ ਲਗਭਗ 2,227 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਇਸ ਸਕੀਮ ਲਈ

ਵਿੱਤੀ ਸਾਲ 2024-25 ਵਿੱਚ 553 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

### ਨਸ਼ਾ ਮੁਕਤੀ

56. ਰਾਜ ਸਰਕਾਰ ਸੂਬੇ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਖਤਮ ਕਰਨ ਲਈ ਅਤੇ ਬੇਸਹਾਰਾ ਨਸ਼ਾ ਪੀੜ੍ਹਤਾਂ ਨੂੰ ਤੰਦਰੁਸਤੀ ਬਖ਼ਸ਼ਣ ਲਈ ਵੀ ਵਚਨਬੱਧ ਹੈ। ਕੁੱਲ 529 ਓ.ਓ.ਏ.ਟੀ (OOAT) ਕਲੀਨਿਕਾਂ ਅਤੇ 306 ਮੁੜ ਵਸੇਬਾ ਕੇਂਦਰਾਂ ਦੇ ਨੈਟਵਰਕ ਦੁਆਰਾ ਵਿਆਪਕ ਨਸ਼ਾ ਛੁਡਾਊ ਯੋਜਨਾ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ, ਸਿਖਲਾਈ ਪ੍ਰਾਪਤ ਕਾਉਂਸਲਰਾਂ ਦੁਆਰਾ ਮਾਨਸਿਕ ਸਿਹਤ ਬਾਰੇ ਸਲਾਹ/ਮਸ਼ਵਰਾ ਪ੍ਰਦਾਨ ਕਰਨ ਲਈ, ਇੰਸਟੀਚਿਊਟ ਆਫ਼ ਮੈਂਟਲ ਹੈਲਥ (ਆਈ.ਐਮ.ਐਚ), ਅੰਮ੍ਰਿਤਸਰ ਵਿਖੇ ਟੈਲੀ ਮਾਨਸ ਹੱਬ ਦੀ ਸਥਾਪਨਾ ਕੀਤੀ ਜਾ ਰਹੀ ਹੈ। ਮੈਂ ਇਸ ਯੋਜਨਾ ਲਈ ਵਿੱਤੀ ਸਾਲ 2024-25 ਵਿੱਚ 70 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

### ਪੰਜਾਬ ਸ਼ਹਿਰੀ ਸਿਹਤ ਬੁਨਿਆਦੀ ਢਾਂਚਾ

57. ਮੌਜੂਦਾ ਸਮੇਂ ਵਿੱਚ 3 ਜ਼ਿਲ੍ਹਾ ਹਸਪਤਾਲਾਂ - ਲੁਧਿਆਣਾ; ਸੰਗਰੂਰ ਅਤੇ ਜਲੰਧਰ ਵਿੱਚ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਅਪਗ੍ਰੇਡੇਸ਼ਨ ਕਾਰਜ ਕੀਤੇ ਜਾ ਰਹੇ ਹਨ। ਮੈਂ ਵਿੱਤੀ ਸਾਲ 2024-25 ਵਿੱਚ ਬਾਕੀ ਬਚੇ 20 ਜ਼ਿਲ੍ਹਾ ਹਸਪਤਾਲਾਂ ਵਿੱਚ ਬੁਨਿਆਦੀ ਢਾਂਚੇ ਦੇ ਅਪਗ੍ਰੇਡੇਸ਼ਨ ਕਾਰਜਾਂ ਨੂੰ ਕਰਨ ਲਈ 150 ਕਰੋੜ ਰੁਪਏ ਦੇ ਫੰਡ ਦਾ ਪ੍ਰਸਤਾਵ ਰੱਖਦਾ ਹਾਂ।

58. ਉਪਰੋਕਤ ਤੋਂ ਇਲਾਵਾ ਵਿੱਤੀ ਸਾਲ 2024-25 ਦੌਰਾਨ ਪੀ.ਆਈ.ਡੀ.ਬੀ ਰਾਹੀਂ ਚੀਮਾ, ਕੋਹਰੀਆਂ, ਧੂਰੀ (ਸੰਗਰੂਰ) ਅਤੇ ਐਸ.ਏ.ਐਸ ਨਗਰ ਮੋਹਾਲੀ ਵਿਖੇ ਪੇਂਡੂ ਹਸਪਤਾਲਾਂ, ਸਬ-ਡਵੀਜ਼ਨ ਹਸਪਤਾਲਾਂ, 07 ਜ਼ਿਲ੍ਹਿਆਂ ਦੇ ਐਮ.ਸੀ.ਐੱਚ ਨੂੰ ਅਪਗ੍ਰੇਡ ਕਰਨ ਲਈ ਅਤੇ 58 ਨਵੀਆਂ ਐਂਬੂਲੈਂਸ

ਖਰੀਦਣ ਲਈ ਕੁੱਲ 100 ਕਰੋੜ ਰੁਪਏ ਦੀ ਤਜਵੀਜ਼ ਹੈ।

## ਰੁਜ਼ਗਾਰ ਸਿਰਜਣ ਅਤੇ ਸਿਖਲਾਈ

59. ਰੁਜ਼ਗਾਰ ਯੋਗਤਾ ਵਿੱਚ ਸੁਧਾਰ ਕਰਨ ਲਈ ਕਾਉਂਸਲਿੰਗ ਅਤੇ ਹੁਨਰ ਸਿਖਲਾਈ ਬਹੁਤ ਜ਼ਰੂਰੀ ਹੈ ਅਤੇ ਸਾਡੀ ਸਰਕਾਰ ਇਸ ਲਈ ਠੋਸ ਕਦਮ ਚੁੱਕ ਰਹੀ ਹੈ। ਮੈਂ ਸਿਖਲਾਈ ਅਤੇ ਹੁਨਰ ਵਿਕਾਸ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਲਾਗੂ ਕਰਨ ਲਈ ਵਿੱਤੀ ਸਾਲ 2024-25 ਵਿੱਚ 179 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ। ਅਸੀਂ ਇਸ ਸਬੰਧੀ ਪੰਜਾਬ ਹੁਨਰ ਵਿਕਾਸ ਯੋਜਨਾ ਸ਼ੁਰੂ ਕਰ ਰਹੇ ਹਾਂ ਅਤੇ C-PYTE ਸਿਖਲਾਈ ਕੇਂਦਰਾਂ ਨੂੰ ਮਜ਼ਬੂਤ ਕਰਨ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ, ਜਿਸ ਲਈ ਵਿੱਤੀ ਸਾਲ 2024-25 ਵਿੱਚ 46 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਉਦਯੋਗ ਅਤੇ ਵਣਜ

60. 'ਆਪ' ਸਰਕਾਰ ਤੋਂ ਪਹਿਲਾਂ, ਰਾਜ ਦੇ ਨੌਕਰੀ ਪ੍ਰਦਾਨ ਕਰਨ ਵਾਲੇ ਉਦਯੋਗਪਤੀਆਂ ਕੋਲ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਲੋੜੀਂਦੇ ਸੁਝਾਅ ਦੇਣ ਲਈ ਕੋਈ ਵੀ ਪਲੈਟਫਾਰਮ ਨਹੀਂ ਸੀ। ਸਾਡੀ ਸਰਕਾਰ ਰਾਜ ਦੀ ਆਰਥਿਕਤਾ ਵਿੱਚ ਪ੍ਰਾਈਵੇਟ ਸੈਕਟਰ ਦੀ ਮਹੱਤਤਾ ਨੂੰ ਸਮਝਦੀ ਹੈ ਅਤੇ ਪੰਜਾਬ ਦੀ ਆਰਥਿਕਤਾ ਨੂੰ ਵਧਾਉਣ ਵਿੱਚ ਉਹਨ੍ਹਾਂ ਦੇ ਯੋਗਦਾਨ ਦੀ ਕਦਰ ਕਰਦੀ ਹੈ। ਪੰਜਾਬ ਭਰ ਦੇ ਵਪਾਰੀਆਂ ਨਾਲ ਸਿੱਧੀ ਸ਼ਮੂਲੀਅਤ ਦੀ ਸਹੂਲਤ ਲਈ "ਸਰਕਾਰ ਵਪਾਰ ਮਿਲਣੀ" ਦੀ ਸ਼ੁਰੂਆਤ 'ਆਪ' ਸਰਕਾਰ ਦੀ ਵਚਨਵਧੱਤਾ ਦਾ ਸਬੂਤ ਹੈ। ਇਹਨ੍ਹਾਂ ਮਿਲਣੀਆਂ ਨੇ ਉੱਦਮੀਆਂ ਨੂੰ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦੂਰਅੰਦੇਸ਼ੀ ਅਗਵਾਈ ਹੇਠ ਆਪਣੀਆਂ ਚਿੰਤਾਵਾਂ ਨੂੰ ਸਾਹਮਣੇ ਰੱਖਣ ਅਤੇ ਮਿਲ ਕੇ ਇਹਨ੍ਹਾਂ ਦਾ ਹਲ ਲੱਭਣ ਦਾ ਮੌਕਾ ਪ੍ਰਦਾਨ ਕੀਤਾ ਹੈ।

61. ਸਾਡੇ MSME ਸਾਡੇ ਰਾਜ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। MSMEs ਨੂੰ ਹੁਲਾਰਾ ਦੇਣ ਲਈ ਅਤੇ ਉਹਨਾਂ ਦੀਆ ਚੁਣੌਤੀਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਸਾਡੀ ਸਰਕਾਰ ਨੇ ਇੱਕ ਨਵਾਂ MSME ਵਿੰਗ ਸਥਾਪਤ ਕੀਤਾ ਹੈ। ਇਹ ਵਿੰਗ ਸਾਡੇ MSMEs ਦੀ ਪ੍ਰਤੀਯੋਗੀ ਸਮਰੱਥਾ ਨੂੰ ਵਧਾਉਣ ਲਈ ਕੰਮ ਕਰੇਗਾ ਅਤੇ ਉਹਨਾਂ ਦੇ ਵਿਸਤਾਰ ਅਤੇ ਨਵੀਨਤਾ ਲਈ ਵਿੱਤੀ ਸੰਸਥਾਵਾਂ ਤੋਂ ਕਰਜ਼ੇ ਦੇ ਨਿਰੰਤਰ ਪ੍ਰਵਾਹ ਨੂੰ ਯਕੀਨੀ ਬਣਾਏਗਾ। ਇਸ ਕਦਮ ਨਾਲ ਲਗਭਗ 8 ਲੱਖ MSMEs ਨੂੰ ਲਾਭ ਹੋਣ ਦੀ ਉਮੀਦ ਹੈ।

62. ਸਾਡੀ ਸਰਕਾਰ ਵੱਲੋਂ ਈਜ਼ ਆਫ਼ ਡੂਇੰਗ ਬਿਜ਼ਨਸ ਵਿਚ ਹੋਰ ਵਾਧਾ ਕਰਨ ਲਈ ਇਨਵੈਸਟ ਪੰਜਾਬ ਬਿਜ਼ਨਸ ਫਸਟ (ਆਈ.ਪੀ.ਬੀ.ਐਫ.) ਪੋਰਟਲ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਨੈਸ਼ਨਲ ਸਿੰਗਲ ਵਿੰਡੋ ਪੋਰਟਲ ਨਾਲ ਜੋੜਿਆ ਗਿਆ ਹੈ। ਇਸ ਪੋਰਟਲ ਰਾਹੀਂ ਦਸ ਹਜ਼ਾਰ ਤੋਂ ਵੀ ਵੱਧ ਯੂਨਿਟਾਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਦਿੱਤੀਆਂ ਗਈਆਂ ਹਨ, ਇੱਕ ਲੱਖ ਤੋਂ ਵੱਧ ਯੂਨਿਟਾਂ ਨੂੰ ਸਮੇਂਬੱਧ ਢੰਗ ਨਾਲ ਵੱਖ-ਵੱਖ ਵਿਭਾਗਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਾਡੀ ਸਰਕਾਰ ਨੇ ਉਦਯੋਗਿਕ ਪ੍ਰੋਜੈਕਟਾਂ ਨੂੰ ਪ੍ਰਵਾਨਗੀਆਂ ਤੇਜ਼ੀ ਨਾਲ ਅਤੇ ਨਿਰਵਿਘਨ ਢੰਗ ਨਾਲ ਜਾਰੀ ਕਰਨ ਨੂੰ ਯਕੀਨੀ ਬਣਾਉਣ ਲਈ ਵਿਕਰੀ ਡੀਡ ਦੀ ਰਜਿਸਟ੍ਰੇਸ਼ਨ ਵਿੱਚ "ਗ੍ਰੀਨ ਸਟੈਂਪ ਪੇਪਰ" ਲਿਆਂਦਾ ਹੈ।

63. ਮੈਂ ਵਿੱਤੀ ਸਾਲ 2024-25 ਵਿੱਚ ਸਾਡੇ ਉਦਯੋਗਿਕ ਸੈਕਟਰ ਲਈ ਸਬਸਿਡੀ ਵਾਲੀ ਬਿਜਲੀ ਸਮੇਤ 3,367 ਕਰੋੜ ਰੁਪਏ ਦੇ ਬਜਟ ਖਰਚੇ ਦਾ ਪ੍ਰਸਤਾਵ ਰੱਖਦਾ ਹਾਂ। ਇਸ ਦੇ ਨਾਲ ਹੀ, ਰਾਜ ਦੇ ਉਦਯੋਗਾਂ ਨੂੰ ਹੋਰ ਵਿੱਤੀ ਪ੍ਰੋਤਸਾਹਨ ਦੇਣ ਲਈ ਸ਼ੁਰੂਆਤੀ ਤੌਰ 'ਤੇ 50 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਰਾਜ ਪ੍ਰਬੰਧ ਸੁਧਾਰ

ਸਪੀਕਰ ਸਾਹਿਬ,

64. ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਪ੍ਰਸਤੀ ਅਧੀਨ 'ਆਪ' ਸਰਕਾਰ ਨੇ ਪੰਜਾਬ ਵਾਸੀਆਂ ਨੂੰ 43 ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਸਰਕਾਰ ਤੋਂ ਨਾਗਰਿਕ (ਜੀ 2 ਸੀ) ਸੇਵਾਵਾਂ ਘਰ ਬੈਠੇ ਮੁਹੱਈਆ ਕਰਵਾਉਣ ਲਈ ਸੇਵਾਵਾਂ ਦੀ ਡੋਰ-ਸਟੈਪ ਡਿਲੀਵਰੀ (ਡੀ.ਐਸ.ਡੀ.) ਦੀ ਸ਼ੁਰੂਆਤ ਕੀਤੀ ਹੈ। ਹੁਣ ਪੰਜਾਬੀਆਂ ਨੂੰ ਪਹਿਲਾਂ ਵਾਂਗ ਸਰਕਾਰੀ ਸੇਵਾਵਾਂ ਲੈਣ ਲਈ ਕਿਸੇ ਵੀ ਸਰਕਾਰੀ ਦਫ਼ਤਰ ਜਾਣ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਦੀ ਲੋੜ ਨਹੀਂ ਹੈ।

65. ਕਾਲਜਾਂ ਵਿੱਚ ਇੱਕ ਸੁਚੱਜੇ ਸ਼ਾਸਨ ਦੀ ਪਹਿਲਕਦਮੀ ਕਰਦਿਆਂ ਇੱਕ ਕੇਂਦਰੀਕ੍ਰਿਤ ਦਾਖਲਾ ਪੋਰਟਲ ਸ਼ੁਰੂ ਕੀਤਾ ਗਿਆ ਹੈ। ਜਿਸ ਰਾਹੀਂ 2023-24 ਵਿੱਚ 300 ਕਾਲਜਾਂ ਵਿੱਚ ਲਗਭਗ 1.5 ਲੱਖ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ। ਸਾਡੀ ਸਰਕਾਰ ਨੇ ਇੱਕ ਸਿੰਗਲ ਯੂਨੀਫਾਈਡ ਪਲੇਟਫਾਰਮ ਵੀ ਸ਼ੁਰੂ ਕੀਤਾ ਹੈ ਜਿਸ ਤਹਿਤ ਨਾਗਰਿਕ ਆਨਲਾਈਨ/ਮੋਬਾਈਲ ਐਪ/ਕਾਲ ਸੈਂਟਰ ਜਾਂ ਸੇਵਾ ਕੇਂਦਰਾਂ ਰਾਹੀਂ ਵੀ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਹੁਣ ਤੱਕ ਪ੍ਰਾਪਤ ਹੋਈਆਂ 2.23 ਲੱਖ ਸ਼ਿਕਾਇਤਾਂ ਵਿਚੋਂ 2.03 ਲੱਖ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ।

## ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ

66. ਖੁਰਾਕ ਖੇਤਰ ਵਿੱਚ ਚੰਗੇ ਪ੍ਰਸ਼ਾਸਨ ਨੂੰ ਉਤਸ਼ਾਹਿਤ ਕਰਨਾ ਸਾਡੀ ਸਰਕਾਰ ਦੀ ਤਰਜੀਹ ਹੈ। ਅਲਾਟਮੈਂਟ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਆਵਾਜਾਈ 'ਤੇ ਆ ਰਹੇ ਖਰਚੇ ਨੂੰ ਅਨੁਕੂਲ ਬਣਾਉਣ ਲਈ, 'ਆਪ' ਸਰਕਾਰ ਨੇ ਮੰਡੀਆਂ ਨੂੰ ਰਾਈਸ ਮਿੱਲਾਂ ਨਾਲ ਆਨਲਾਈਨ ਜੋੜਨ ਦੀ ਸ਼ੁਰੂਆਤ ਕੀਤੀ ਹੈ। ਅਨਾਜ-ਖਰੀਦ ਪੋਰਟਲ ਦਾ ਏਕੀਕਰਣ ਪੀਐਸਪੀਸੀਐਲ (PSPCL) ਪੋਰਟਲ ਨਾਲ ਇਸ ਲਈ ਕੀਤਾ ਗਿਆ ਹੈ ਤਾਂ

ਜੋ ਚੌਲਾਂ ਦੇ ਉਤਪਾਦਨ ਦੇ ਅਨੁਸਾਰ ਚੌਲ ਮਿੱਲਾਂ ਦੀ ਬਿਜਲੀ ਖਪਤ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਪੀਡੀਐਸ (PDS) ਚੌਲਾਂ ਦੀ ਜਾਅਲੀ ਖਰੀਦ ਅਤੇ ਰੀਸਾਈਕਲਿੰਗ ਨੂੰ ਰੋਕਿਆ ਜਾ ਸਕੇ। ਵਿੱਤੀ ਸਾਲ 2024-25 ਵਿੱਚ ਇਸ ਵਿਭਾਗ ਵਿਚ ਵੱਖ-ਵੱਖ ਪਹਿਲਕਦਮੀਆਂ ਕਰਨ ਲਈ 1,072 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਹੈ।

67. ਇਸ ਦੇ ਨਾਲ ਹੀ ਕਣਕ ਅਤੇ ਝੋਨਾ/ਚਾਵਲ ਦੀ ਢੋਆ-ਢੁਆਈ ਕਰਨ ਵਾਲੇ ਵਾਹਨਾਂ ਵਿੱਚ ਵਹੀਕਲ ਟ੍ਰੈਕਿੰਗ ਸਿਸਟਮ (ਵੀ.ਟੀ.ਐਸ) ਲਗਾਉਣਾ ਲਾਜ਼ਮੀ ਕੀਤਾ ਗਿਆ ਹੈ ਅਤੇ ਅਨਾਜ ਖਰੀਦ ਪੋਰਟਲ ਰਾਹੀਂ ਮੰਡੀਆਂ ਤੋਂ ਸਟੋਰੇਜ ਪੁਆਇੰਟਾਂ/ਮਿੱਲਾਂ ਤੱਕ ਕਣਕ/ਝੋਨੇ ਦੀ ਲਿਫਟਿੰਗ ਲਈ ਸਾਰੇ ਗੇਟ ਪਾਸ ਆਨਲਾਈਨ ਬਣਾਏ ਜਾ ਰਹੇ ਹਨ।

68. ਸਾਡੀ ਸਰਕਾਰ ਵੱਲੋਂ ਮਾਰਕਫੈੱਡ ਰਾਹੀਂ ਲਗਭਗ 800 ਮਾਡਲ ਫੇਅਰ ਪ੍ਰਾਈਸ ਸ਼ਾਪਸ (ਐੱਮ.ਐੱਫ.ਪੀ.ਐੱਸ) ਸਥਾਪਿਤ ਕੀਤੇ ਜਾ ਰਹੇ ਹਨ। ਇਹ ਐਨ.ਐਫ.ਐਸ.ਏ. ਕਣਕ ਦੇ ਆਟੇ ਨੂੰ ਪੀਸ ਕੇ, ਇਸ ਨੂੰ ਲਾਭਪਾਤਰੀਆਂ ਦੇ ਘਰ-ਘਰ ਵੰਡਣ ਲਈ ਪੈਕਿੰਗ ਕਰਨਗੀਆਂ। ਇਸ ਨਾਲ ਸਾਡੇ ਗਰੀਬ ਲੋਕਾਂ ਦਾ ਸਮਾਂ ਬਚੇਗਾ, ਡੀਪੂਆਂ ਦੀਆਂ ਲੰਬੀਆਂ ਲਾਈਨਾਂ ਤੋਂ ਬਚਣ ਦੇ ਨਾਲ-ਨਾਲ ਉਹ ਆਪਣੇ ਪਰਿਵਾਰਾਂ ਦੀ ਦੇਖਭਾਲ ਕਰ ਸਕਣਗੇ। ਸਾਡੀ ਸਰਕਾਰ ਨੇ ਲਾਭਪਾਤਰੀਆਂ ਨੂੰ ਪੈਕ ਕੀਤੇ ਆਟੇ ਦੀ ਡੋਰ ਸਟੈਪ ਡਿਲੀਵਰੀ ਲਈ "ਘਰ ਘਰ ਮੁਫ਼ਤ ਰਾਸ਼ਨ ਯੋਜਨਾ" ਵੀ ਸ਼ੁਰੂ ਕੀਤੀ ਹੈ ਅਤੇ ਵਿੱਤੀ ਸਾਲ 2024-25 ਵਿੱਚ ਇਸ ਮੰਤਵ ਲਈ 250 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਹੈ।

## ਮਾਲੀਆ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ

69. ਇਸ ਸਾਲ ਹੜ੍ਹਾਂ ਕਾਰਨ ਪ੍ਰਭਾਵਿਤ ਆਬਾਦੀ ਨੂੰ ਕੱਢਣ, ਪਨਾਹ ਪ੍ਰਦਾਨ ਕਰਨ, ਅਤੇ ਭੋਜਨ ਅਤੇ ਡਾਕਟਰੀ ਸਹਾਇਤਾ ਦੀ ਫੌਰੀ ਲੋੜ ਨੂੰ ਪੂਰਾ ਕਰਨ ਲਈ ਤੁਰੰਤ ਅਤੇ ਵੱਡੇ ਪੱਧਰ ਤੇ ਰਾਹਤ ਯਤਨਾਂ ਦੀ ਲੋੜ ਸੀ। ਸਾਡੀ ਸਰਕਾਰ ਨੇ ਫਸਲਾਂ ਦੇ ਨੁਕਸਾਨ, ਮਨੁੱਖੀ ਜਾਨਾਂ ਦੇ ਨੁਕਸਾਨ, ਪਸ਼ੂਆਂ ਦੇ ਨੁਕਸਾਨ ਅਤੇ ਰਿਹਾਇਸ਼ਾਂ ਨੂੰ ਹੋਏ ਨੁਕਸਾਨ ਸਮੇਤ ਵੱਖ-ਵੱਖ ਨੁਕਸਾਨਾਂ ਦੀ ਪੂਰਤੀ ਲਈ ਮੌਜੂਦਾ ਵਿੱਤੀ ਸਾਲ ਵਿੱਚ ਲਗਭਗ 490 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਹੈ। ਇਸ ਤੋਂ ਇਲਾਵਾ, ਇਸ ਵਿਭਾਗ ਦੀਆਂ ਵਿਭਿੰਨ ਪਹਿਲਕਦਮੀਆਂ ਨੂੰ ਸਹਾਇਤਾ ਦੇਣ ਲਈ, ਮੈਂ ਵਿੱਤੀ ਸਾਲ 2024-25 ਵਿੱਚ 1,573 ਕਰੋੜ ਰੁਪਏ ਦੇ ਬਜਟ ਖਰਚੇ ਦੀ ਤਜਵੀਜ਼ ਰੱਖਦਾ ਹਾਂ।

70. ਰਾਜ ਦੇ 13,004 ਪਿੰਡਾਂ ਵਿੱਚੋਂ, 39,134 ਮੁਸਾਵੀ ਸ਼ੀਟਾਂ ਵਾਲੇ 6,670 ਪਿੰਡਾਂ ਦੇ ਨਕਸ਼ੇ ਡਿਜੀਟਾਈਜ਼ ਕੀਤੇ ਗਏ ਹਨ। ਸਾਡੀ ਸਰਕਾਰ ਦਾ ਟੀਚਾ ਆਉਣ ਵਾਲੇ ਸਾਲ ਵਿੱਚ ਸਾਰੇ ਮੁਸਾਵੀਆਂ ਨੂੰ ਡਿਜੀਟਾਈਜ਼ ਕਰਨਾ ਹੈ ਤਾਂ ਜੋ ਇੱਕ ਡਿਜੀਟਲ ਡੇਟਾਬੇਸ ਬਣਾਇਆ ਜਾ ਸਕੇ। ਇਸ ਤੋਂ ਇਲਾਵਾ, ਰਾਜ ਵਿੱਚ ਤਹਿਸੀਲਾਂ/ਉਪ-ਤਹਿਸੀਲਾਂ ਦੇ ਪੱਧਰ 'ਤੇ 178 ਫਰਦ ਕੇਂਦਰ ਕਾਰਜਸ਼ੀਲ ਹਨ ਅਤੇ ਰਾਜ ਦੇ ਜ਼ਿਆਦਾਤਰ ਪਿੰਡਾਂ ਦੇ ਮਾਲ ਰਿਕਾਰਡ ਨੂੰ ਪਹਿਲਾਂ ਹੀ ਡਿਜੀਟਾਈਜ਼ ਕੀਤਾ ਜਾ ਚੁੱਕਾ ਹੈ।

71. ਚਾਲੂ ਮਾਲੀ ਸਾਲ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸਾਂ, ਤਹਿਸੀਲਾਂ, ਸਬ-ਤਹਿਸੀਲਾਂ ਅਤੇ ਸਬ-ਡਵੀਜ਼ਨਲ ਕੰਪਲੈਕਸਾਂ ਦੇ ਨਿਰਮਾਣ ਅਤੇ ਮੁਰੰਮਤ ਲਈ ਲਗਪਗ 150 ਕਰੋੜ ਰੁਪਏ ਦੀ ਰਕਮ ਰਾਖਵੀਂ

ਰੱਖੀ ਗਈ ਹੈ, ਇਸ ਪਹਿਲਕਦਮੀ ਦਾ ਉਦੇਸ਼ ਇਹਨਾਂ ਦਫਤਰਾਂ ਵਿੱਚ ਸੁਚਾਰੂ ਕੰਮਕਾਜ ਦੀ ਸਹੂਲਤ ਦੇਣਾ ਅਤੇ ਜਨਤਾ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ ਹੈ।

**ਐਨ.ਆਰ.ਆਈ. ਮਾਮਲੇ**

72. 'ਆਪ' ਸਰਕਾਰ ਐਨ.ਆਰ.ਆਈ. ਭਰਾਵਾਂ ਅਤੇ ਭੈਣਾਂ ਨਾਲ ਨਿਰੰਤਰ ਸੰਪਰਕ ਵਿਚ ਰਹਿੰਦੀ ਹੈ, ਜਿਨ੍ਹਾਂ ਦਾ ਪੰਜਾਬ ਦੀ ਆਰਥਿਕਤਾ ਅਤੇ ਸਮਾਜ ਵਿਚ ਬਹੁਤ ਵੱਡਾ ਯੋਗਦਾਨ ਹੈ। ਅਸੀਂ ਸਾਲ 2023-24 ਵਿਚ ਪਠਾਨਕੋਟ, ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ ਅਤੇ ਸੰਗਰੂਰ ਵਿਖੇ 4 ਐਨ.ਆਰ.ਆਈ. ਮਿਲਣੀਆਂ ਦਾ ਆਯੋਜਨ ਕੀਤਾ ਹੈ ਅਤੇ ਆਉਣ ਵਾਲੇ ਸਾਲ ਵਿਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਹੁੰਦੇ ਰਹਿਣਗੇ।

73. ਪ੍ਰਵਾਸੀ ਭਾਰਤੀ ਮਾਮਲਿਆਂ ਲਈ ਚੰਗੇ ਪ੍ਰਸ਼ਾਸਨ ਦੀਆਂ ਪਹਿਲਕਦਮੀਆਂ ਨੂੰ ਅੱਗੇ ਵਧਾਉਂਦੇ ਹੋਏ, ਸਾਡੀ ਸਰਕਾਰ ਨੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਈ-ਸਨਦ ਪੋਰਟਲ ਰਾਹੀਂ ਵਿਦੇਸ਼ੀ ਦੂਤਾਵਾਸਾਂ ਦੁਆਰਾ ਲੋੜੀਂਦੇ ਦਸਤਾਵੇਜ਼ਾਂ ਨੂੰ ਇਲੈਕਟ੍ਰਾਨਿਕ ਤੌਰ 'ਤੇ ਕਾਊਂਟਰ-ਹਸਤਾਖਰ/ਤਸਦੀਕ ਕਰਨ ਦੇ ਯੋਗ ਬਣਾਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਐਨ.ਆਰ.ਆਈ ਲਈ ਇੱਕ ਆਨਲਾਈਨ ਪੋਰਟਲ ਤਿਆਰ ਕੀਤਾ ਹੈ, ਜੋ ਉਹਨਾਂ ਦੀਆਂ ਸ਼ਿਕਾਇਤਾਂ, ਜੇਕਰ ਕੋਈ ਹੋਣ, ਦਰਜ ਕਰਨ ਅਤੇ ਸੁਝਾਅ ਦੇਣ ਲਈ ਇੱਕ ਮੰਚ ਪ੍ਰਦਾਨ ਕਰਦਾ ਹੈ।

## ਰੱਖਿਆ ਸੇਵਾਵਾਂ

74. ਸਾਡੇ ਮਾਣਯੋਗ ਮੁੱਖ ਮੰਤਰੀ ਜੀ ਹਮੇਸ਼ਾਂ ਸਾਬਕਾ ਸੈਨਿਕਾਂ, ਯੁੱਧ-ਵਿਧਵਾਵਾਂ, ਵਿਸ਼ਵ ਯੁੱਧ ਦੇ ਸਾਬਕਾ ਸੈਨਿਕਾਂ, ਅਪਾਹਜ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਪ੍ਰਤੀ ਸਦਾ ਫ਼ਿਕਰਮੰਦ ਰਹਿੰਦੇ ਹਨ। ਜਿਵੇਂ ਕਿ ਪਿਛਲੇ ਬਜਟ ਵਿੱਚ ਐਕਸ-ਗ੍ਰੇਸ਼ੀਆ ਗ੍ਰਾਂਟ ਨੂੰ ਵਧਾ ਕੇ 1 ਕਰੋੜ ਰੁਪਏ ਕਰਨ ਦਾ ਵਾਅਦਾ ਕੀਤਾ ਗਿਆ ਸੀ, ਸਾਡੇ ਵੱਲੋਂ ਮੌਜੂਦਾ ਸਾਲ ਵਿੱਚ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਨੂੰ ਇਹ ਐਕਸ-ਗ੍ਰੇਸ਼ੀਆ ਗ੍ਰਾਂਟ ਜਾਰੀ ਕਰ ਦਿੱਤੀ ਹੈ।

75. ਇਸ ਤੋਂ ਇਲਾਵਾ, ਜੰਗੀ ਵਿਧਵਾਵਾਂ ਦੀ ਪੈਨਸ਼ਨ 6,000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਅਤੇ ਬਲੂ ਸਟਾਰ ਤੋਂ ਪ੍ਰਭਾਵਿਤ ਹੋਏ ਧਰਮੀ ਫੌਜੀਆਂ ਦੀ ਸਹਾਇਤਾ ਲਈ 10,000 ਰੁਪਏ ਤੋਂ ਵਧਾ ਕੇ 12,000 ਰੁਪਏ ਪ੍ਰਤੀ ਮਹੀਨਾ ਅਤੇ ਜੰਗੀ ਜਾਗੀਰਾਂ ਦੀ ਪੈਨਸ਼ਨ 10,000 ਰੁਪਏ ਤੋਂ ਵਧਾ ਕੇ 20,000 ਰੁਪਏ ਸਾਲਾਨਾ ਕੀਤੀ ਜਾ ਰਹੀ ਹੈ। ਸਾਡੀ ਸਰਕਾਰ ਦੇ ਰੱਖਿਆ ਕਰਮਚਾਰੀਆਂ ਦੀਆਂ ਭਲਾਈ ਸੇਵਾਵਾਂ ਦੇ ਯਤਨਾਂ ਨੂੰ ਜਾਰੀ ਰੱਖਣ ਲਈ, ਮੈਂ ਵਿੱਤੀ ਸਾਲ 2024-25 ਵਿੱਚ 77 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

## ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ

ਮਾਣਯੋਗ ਸਪੀਕਰ ਸਾਹਿਬ,

76. ਪੰਜਾਬ ਟੂਰਿਜ਼ਮ ਸਮਿਟ ਐਂਡ ਟਰੈਵਲ ਮਾਰਟ 2023 ਦਾ ਆਯੋਜਨ ਐਸ.ਏ.ਐਸ. ਨਗਰ

(ਮੁਹਾਲੀ) ਵਿਖੇ ਕੀਤਾ ਗਿਆ ਸੀ ਜਿਸ ਦਾ ਉਦੇਸ਼ ਰਾਜ ਦੀ ਅਣਵਰਤੀ ਸੈਰ ਸਪਾਟਾ ਸੰਭਾਵਨਾਵਾਂ ਨੂੰ ਦਰਸਾਉਣਾ ਹੈ। ਇਸ ਤੋਂ ਇਲਾਵਾ, ਪੰਜਾਬ ਦੇ ਵੰਨ-ਸੁਵੰਨੇ ਸੱਭਿਆਚਾਰ ਅਤੇ ਅਮੀਰ ਵਿਰਸੇ ਨੂੰ ਦਰਸਾਉਣ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ 22 ਮੇਲੇ ਆਯੋਜਿਤ ਕੀਤੇ ਗਏ ਹਨ। ਅੰਮ੍ਰਿਤਸਰ ਵਿੱਚ "ਰੰਗਲਾ ਪੰਜਾਬ" ਮੇਲੇ ਨੇ ਸਾਡੇ ਸੱਭਿਆਚਾਰ ਅਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਕੰਮ ਕੀਤਾ ਹੈ। ਇਹ ਸਾਰੇ ਸਮਾਗਮ ਸਾਡੇ ਮਾਣਯੋਗ ਮੁੱਖ ਮੰਤਰੀ ਦੇ ਪੰਜਾਬ ਨੂੰ ਇੱਕ ਵੱਡਾ ਸੈਰ ਸਪਾਟਾ ਸਥਾਨ ਬਣਾਉਣ ਦੇ ਦ੍ਰਿੜ ਨਿਸ਼ਚੇ ਦਾ ਪ੍ਰਤੀਕ ਹਨ।

77. ਪਰਸ਼ਾਦ ਸਕੀਮ ਤਹਿਤ ਸ੍ਰੀ ਚਮਕੌਰ ਸਾਹਿਬ ਵਿੱਚ ਪਹਿਲਾਂ ਹੀ ਵਿਕਾਸ ਕਾਰਜ ਸ਼ੁਰੂ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ, ਐਂਗਲੋ-ਸਿੱਖ ਵਾਰ ਸਰਕਟ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਇਸ ਦੇ ਨਾਲ ਹੀ, ਭਾਰਤੀ ਸੰਸਕ੍ਰਿਤੀ ਵਿੱਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਤਾਰ ਅਜਾਇਬ ਘਰ ਬਣਾਉਣ ਦੇ ਉਪਰਾਲੇ ਜਾਰੀ ਹਨ।

78. ਪੰਜਾਬ ਨੂੰ ਇੱਕ ਸੈਰ-ਸਪਾਟਾ ਹੱਬ ਦੇ ਤੌਰ ਤੇ ਪ੍ਰਫੁੱਲਤ ਕਰਨ ਦੀ ਨਿਰੰਤਰ ਲੋੜ ਨੂੰ ਦੇਖਦੇ ਹੋਏ ਮੈਂ ਵਿੱਤੀ ਸਾਲ 2024-25 ਵਿੱਚ 166 ਕਰੋੜ ਰੁਪਏ ਦੇ ਬਜਟੀ ਖਰਚੇ ਦੀ ਤਜਵੀਜ਼ ਰੱਖਦਾ ਹਾਂ, ਜਿਸ ਵਿੱਚ ਵੱਖ-ਵੱਖ ਸਮਾਰਕਾਂ ਦੀ ਉਸਾਰੀ, ਸਾਂਭ-ਸੰਭਾਲ ਅਤੇ ਰੱਖ-ਰਖਾਵ ਲਈ 30 ਕਰੋੜ ਰੁਪਏ ਅਤੇ ਪੰਜਾਬ ਰਾਜ ਵਿੱਚ ਸੈਰ-ਸਪਾਟੇ ਦੇ ਪ੍ਰਸਾਰ ਲਈ 30 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

79. ਈਕੋ-ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ 25 ਕਰੋੜ ਰੁਪਏ ਦੀ ਲਾਗਤ ਨਾਲ "ਪੰਜਾਬ ਦੇ ਵੱਖ-ਵੱਖ ਜੰਗਲੀ ਜੀਵ ਖੇਤਰਾਂ/ਬੀੜਾਂ ਵਿੱਚ ਈਕੋਟੂਰਿਜ਼ਮ ਗਤੀਵਿਧੀਆਂ" ਨਾਮਕ ਇੱਕ ਪ੍ਰੋਜੈਕਟ ਤਿਆਰ ਕੀਤਾ

ਗਿਆ ਹੈ ਜਿਸ ਨੂੰ ਆਉਣ ਵਾਲੇ 3 ਸਾਲਾਂ ਵਿੱਚ ਲਾਗੂ ਕੀਤਾ ਜਾਵੇਗਾ ਅਤੇ ਇਸ ਲਈ ਵਿੱਤੀ ਸਾਲ 2024-25 ਵਿੱਚ ਢੁਕਵਾਂ ਉਪਬੰਧ ਕੀਤਾ ਗਿਆ ਹੈ। ਪਠਾਨਕੋਟ ਵਿਖੇ ਰਣਜੀਤ ਸਾਗਰ ਡੈਮ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਖੇਤਰ ਵਜੋਂ ਵਿਕਸਿਤ ਕਰਨ ਲਈ ਵੱਖਰੇ ਤੌਰ 'ਤੇ ਪਹਿਲਾਂ ਹੀ ਯਤਨ ਜਾਰੀ ਹਨ।

## ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ

ਸਪੀਕਰ ਸਾਹਿਬ,

80. ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ ਵਿਭਾਗ ਨੂੰ ਉਨ੍ਹਾਂ ਦੀਆਂ ਕਾਨੂੰਨ ਲਾਗੂ ਕਰਨ ਦੀਆਂ ਪਹਿਲਕਦਮੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਵਿੱਤੀ ਸਾਲ 2024-25 ਲਈ 10,635 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਕੀਤੀ ਗਈ ਹੈ।

81. ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੇ ਯਤਨਾਂ ਸਦਕਾ "ਸੜਕ ਸੁਰੱਖਿਆ ਫੋਰਸ" ਦੀ ਸਥਾਪਨਾ ਹੋ ਸਕੀ। ਸਾਡੀ ਪੁਲਿਸ ਫੋਰਸ ਨੂੰ ਟੋਇਟਾ ਹਾਈਲਕਸ ਗੱਡੀਆਂ ਮੁਹੱਈਆ ਕਰਵਾਈਆਂ ਹਨ, ਜੋ ਇਕ ਅਹਿਜੀ ਬੇਮਿਸਾਲ ਪ੍ਰਾਪਤੀ ਹੈ ਜੋ ਦੇਸ਼ ਦੇ ਕਿਸੇ ਵੀ ਹੋਰ ਰਾਜ ਵਿੱਚ ਨਹੀਂ ਹੈ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਪੁਲਿਸ ਮੁਲਾਜ਼ਮਾਂ ਲਈ ਪਿਛਲੇ ਪੰਜ (5) ਸਾਲਾਂ ਵਿੱਚ ਖਰੀਦੇ ਗਏ ਕੁੱਲ 1,993 ਵਾਹਨਾਂ ਵਿੱਚੋਂ 1,396 ਵਾਹਨ ਪਿਛਲੇ ਦੋ ਸਾਲਾਂ ਵਿੱਚ ਹੀ ਉਪਲਬਧ ਕਰਵਾਏ ਗਏ ਹਨ।

82. ਮੈਂ ਇਥੇ ਇਹ ਗੱਲ ਸਾਂਝੀ ਕਰਨਾ ਚਾਹਾਂਗਾ ਕਿ ਪੰਜਾਬ ਪੁਲਿਸ ਕਾਨੂੰਨ ਵਿਵਸਥਾ ਲਾਗੂ ਕਰਨ ਲਈ ਆਈ.ਆਈ.ਟੀ. ਰੋਪੜ ਦੇ ਨਾਲ ਭਾਈਵਾਲੀ ਵਿੱਚ ਇਕ ਮਹੱਤਵਪੂਰਨ ਪਹਿਲ ਕਰਦੇ ਹੋਏ ਆਰਟੀਫੀਸ਼ੀਅਲ

ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ (ਏ.ਆਈ.-ਐਮ.ਐਲ.) ਲੈਬ ਸਥਾਪਤ ਕਰਨ ਲਈ ਯਤਨ ਕਰ ਰਹੀ ਹੈ। ਇਹ ਲੈਬ ਅਪਰਾਧ ਵਿਸ਼ਲੇਸ਼ਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰੇਗੀ ਅਤੇ ਕਾਨੂੰਨ ਲਾਗੂ ਕਰਨ ਵਿੱਚ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰੇਗੀ।

83. ਅਸੀਂ ਅਗਲੇ ਵਿੱਤੀ ਸਾਲ ਵਿਚ ਪੁਲਿਸ ਪ੍ਰਸ਼ਾਸ਼ਨ ਨਾਲ ਸਬੰਧਤ ਸੁਧਾਰ ਕੇਂਦਰ ਅਤੇ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਉਚਿਤ ਅਤੇ ਬੁਨਿਆਦੀ ਸਹੂਲਤਾਂ ਦੇਣ ਦਾ ਯਤਨ ਕਰ ਰਹੇ ਹਾਂ।

84. ਮੈਨੂੰ ਇਹ ਦਸਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਆਪਣੀ ਪੁਲਿਸ ਫੋਰਸ ਨੂੰ ਮਜ਼ਬੂਤ ਕਰਨ ਲਈ 827 ਸਬ ਇੰਸਪੈਕਟਰ, 787 ਹੈੱਡ ਕਾਂਸਟੇਬਲ, 144 ਸਿਵਲ ਸਪੋਰਟ ਸਟਾਫ਼ ਨੂੰ ਵੀ ਨਿਯੁਕਤੀ ਪੱਤਰ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ ਅਤੇ 4,100 ਟੈਬਸ ਅਤੇ 4,300 ਫੋਨ ਖਰੀਦੇ ਗਏ ਹਨ ਅਤੇ ਜਾਂਚ ਅਧਿਕਾਰੀਆਂ ਨੂੰ ਸੀ.ਸੀ.ਟੀ.ਐਨ.ਐਸ. ਪ੍ਰੋਜੈਕਟ ਦੇ ਸਰਵੋਤਮ ਅਮਲ ਨੂੰ ਲਾਗੂ ਕਰਨ, ਪ੍ਰਭਾਵਸ਼ਾਲੀ ਜਾਂਚ ਅਤੇ ਔਨਲਾਈਨ ਸੇਵਾਵਾਂ ਰਾਹੀਂ ਨਾਗਰਿਕਾਂ ਦੇ ਆਪਸੀ ਤਾਲਮੇਲ ਦੀ ਸਹੂਲਤ ਲਈ ਵੰਡੇ ਗਏ ਹਨ।

## WELCOME ANNOUNCEMENT BY THE SPEAKER REG: PRESENCE OF SARDARNI HARPAL KAUR JI, MOTHER OF SHRI BHAGWANT MANN, HON'BLE CHIEF MINISTER, PUNJAB, IN THE HOUSE

**ਮਾਣਯੋਗ ਸਪੀਕਰ :** ਮਾਵਾਂ ਸਾਡੇ ਲਈ ਰੱਬ ਦਾ ਰੂਪ ਹਨ ਔਰ ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਾਣਯੋਗ ਮੁੱਖ ਮੰਤਰੀ,ਪੰਜਾਬ ਦੇ ਮਾਤਾ ਸਰਦਾਰਨੀ ਹਰਪਾਲ ਕੌਰ ਜੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ, ਆਓ ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (Thumping by the House)

## PRESENTATION OF BUDGET ESTIMATES FOR THE YEAR 2024-25 (*Resumption)*

## ਸਮਾਜ ਭਲਾਈ ਅਤੇ ਸਮਾਜਿਕ ਨਿਆਂ

85. ਬਰਾਬਰੀ ਵਾਲੇ, ਨਿਆਂਪੂਰਨ ਅਤੇ ਹਮਦਰਦ ਸਮਾਜ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ 'ਆਪ' ਸਰਕਾਰ ਦੀ ਵਚਨਬੱਧਤਾ ਨੂੰ ਵੱਖ-ਵੱਖ ਸਮਾਜ ਭਲਾਈ ਸਕੀਮਾਂ ਦੇ ਸਮਰਥਨ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ, ਜਿਸ ਲਈ ਵਿੱਤੀ ਸਾਲ 2024-25 ਵਿੱਚ 9,388 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕੀਤੀ ਗਈ ਹੈ।

86. ਸਰਕਾਰ ਨੇ ਵਿੱਤੀ ਸਾਲ 2024-25 ਵਿੱਚ ਵੱਖ-ਵੱਖ ਸ਼੍ਰੇਣੀਆਂ ਵਿੱਚ ਸਮਾਜਿਕ ਸੁਰੱਖਿਆ ਪੈਨਸ਼ਨ ਪ੍ਰਦਾਨ ਕਰਨ ਲਈ 5,925 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਇਸ ਤੋਂ ਇਲਾਵਾ ਪੋਸ਼ਣ ਅਭਿਆਨ; ਆਸ਼ੀਰਵਾਦ ਸਕੀਮ; ਐਕਸੈਸੀਬਲ ਇੰਡੀਆ ਕੈਂਪੇਨ; ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਵਰਗੀਆਂ ਹੋਰ ਭਲਾਈ ਸਕੀਮਾਂ ਨੂੰ ਲਾਗੂ ਕਰਨ ਲਈ ਅਗਲੇ ਵਿੱਤੀ ਸਾਲ ਵਿੱਚ 1,053 ਕਰੋੜ ਰੁਪਏ ਨਿਰਧਾਰਤ ਕੀਤੇ ਗਏ ਹਨ।

87. ਸਾਡੀ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਅਤੇ ਸਮਾਜ ਦੇ ਸਾਰੇ ਦੱਬੇ-ਕੁਚਲੇ ਵਰਗਾਂ ਦੇ ਭੈਣਾਂ-ਭਰਾਵਾਂ ਦੇ ਨਾਲ ਖੜ੍ਹੀ ਹੈ। ਅਨੁਸੂਚਿਤ ਜਾਤੀ ਉਪ-ਯੋਜਨਾ (ਐੱਸ.ਸੀ.ਐੱਸ.ਪੀ.) ਲਈ ਵਿੱਤੀ ਸਾਲ 2024-25 ਦੌਰਾਨ 13,844 ਕਰੋੜ ਰੁਪਏ ਨਿਰਧਾਰਤ ਕੀਤੇ ਗਏ ਹਨ, ਜੋ ਕਿ ਰਾਜ ਦੇ ਕੁੱਲ ਵਿਕਾਸ ਬਜਟ ਦਾ 35% ਹੈ।

## ਬੁਨਿਆਦੀ ਢਾਂਚਾ

## ਸੜਕਾਂ ਤੇ ਪੁਲ

88. ਸਾਡੀ ਸਰਕਾਰ ਨੇ ਵਿੱਤੀ ਸਾਲ 2023-24 ਦੌਰਾਨ ਪੀ.ਐਮ.ਜੀ.ਐਸ.ਵਾਈ.-III ਅਧੀਨ 805 ਕਿਲੋਮੀਟਰ ਸੜਕਾਂ ਅਤੇ ਚਾਰ ਪੁਲਾਂ ਦਾ ਨਿਰਮਾਣ ਪੂਰਾ ਕੀਤਾ ਹੈ ਜਿਸ ਉਪਰ 400 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿੱਤੀ ਸਾਲ 2024-25 ਵਿੱਚ ਪੀ.ਐਮ.ਜੀ.ਐਸ.ਵਾਈ.-III ਲਈ 600 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਵਿੱਤੀ ਸਾਲ 2023-24 ਦੌਰਾਨ 177 ਕਰੋੜ ਰੁਪਏ ਦੀ ਲਾਗਤ ਨਾਲ 31 ਕਿਲੋਮੀਟਰ ਦੀ ਲੰਬਾਈ ਦੇ ਰਾਸ਼ਟਰੀ ਰਾਜਮਾਰਗ ਮੁੱਢਲੇ ਕਾਰਜਾਂ ਅਧੀਨ ਸੜਕ ਨੂੰ ਅਪਗ੍ਰੇਡ ਕੀਤਾ ਗਿਆ ਹੈ। ਸੀ.ਆਰ.ਆਈ.ਐਫ. ਸਕੀਮ ਤਹਿਤ 40 ਕਰੋੜ ਰੁਪਏ ਦੀ ਲਾਗਤ ਨਾਲ 22 ਕਿਲੋਮੀਟਰ ਸੜਕ ਦਾ ਨਵੀਨੀਕਰਨ ਕੀਤਾ ਗਿਆ ਹੈ। ਰਾਜ ਬਜਟ ਨਾਲ 199 ਕਰੋੜ ਦੀ ਲਾਗਤ ਨਾਲ 176 ਕਿਲੋਮੀਟਰ ਸੜਕ ਦੇ ਨਵੀਨੀਕਰਨ ਨੂੰ ਮੁਕੰਮਲ ਕਰ ਲਿਆ ਗਿਆ ਹੈ। ਮੈਂ ਸੰਪਰਕ ਦੀਆਂ ਕੜੀਆਂ ਅਰਥਾਤ ਸੜਕਾਂ ਅਤੇ ਪੁਲਾਂ ਲਈ ਹੋਰ 2,695 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

89. ਮਾਨਯੋਗ ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਅਜੇ ਵੀ ਆਜ਼ਾਦੀ ਦੇ 75 ਸਾਲਾਂ ਤੋਂ ਬਾਅਦ ਵੀ ਸਿੱਖ ਧਰਮ ਵਿੱਚ ਆਪਣੀ ਗਹਿਰੀ ਇਤਿਹਾਸਕ ਅਤੇ ਅਧਿਆਤਮਿਕ ਮਹੱਤਤਾ ਦੇ ਬਾਵਜੂਦ, ਸ੍ਰੀ ਅਨੰਦਪੁਰ ਸਾਹਿਬ, ਦੇ ਬਹੁਤ ਪਿੰਡਾਂ ਵਿੱਚ ਉਚਿਤ ਅਤੇ ਸਿੱਧੇ ਸੰਪਰਕ ਦੀ ਘਾਟ ਹੈ। ਇਨ੍ਹਾਂ ਪਿੰਡ ਵਾਸੀਆਂ ਦੀ ਆਵਾਜਾਈ ਦੀ ਸਹੂਲਤ ਅਤੇ ਸੰਪਰਕ ਲਈ ਖੇੜਾ ਕਲਮੋਟ/ਭੱਲਾੜੀ ਅਤੇ ਬੇਲਾ ਧਿਆਨੀ/ਅਜੌਲੀ ਵਿਚਕਾਰ ਪੁਲਾਂ ਦੀ ਉਸਾਰੀ ਲਈ 30 ਕਰੋੜ ਰੁਪਏ ਦੀ ਸ਼ੁਰੂਆਤੀ ਰਾਸ਼ੀ ਦੀ ਤਜਵੀਜ਼

ਰੱਖੀ ਜਾਂਦੀ ਹੈ।

ਸਰ, ਇਹ ਪਿੰਡ 75 ਸਾਲ ਤੋਂ ਸਿੱਧੀ ਸੜਕ ਆਵਾਜਾਈ ਤੋਂ ਪੰਜਾਬ ਨਾਲੋਂ ਕੱਟੇ ਹੋਏ ਸੀ। ਮੇਰੇ ਧਿਆਨ ਵਿੱਚ ਇਹ ਮਾਮਲਾ ਸਾਡੇ ਮਾਣਯੋਗ ਐਜੂਕੇਸ਼ਨ ਮਨਿਸਟਰ ਸਰਦਾਰ ਹਰਜੋਤ ਸਿੰਘ ਬੈਂਸ ਨੇ ਲਿਆਂਦਾ ਤਾਂ ਅਸੀਂ ਉਸੇ ਸਮੇਂ ਇਹ ਡਿਸਾਈਡ ਕੀਤਾ ਕਿ ਇਨ੍ਹਾਂ ਪਿੰਡਾਂ ਨੂੰ ਸਿੱਧੇ ਸੰਪਰਕ ਰਾਹੀਂ ਜੋੜਿਆ ਜਾਵੇ। ਇਸ ਦੇ ਲਈ ਮੈਂ 30 ਕਰੋੜ ਰੁਪਏ ਦੀ ਰਾਸ਼ੀ ਦੀ ਤਜਵੀਜ਼ ਇਸ ਸਦਨ ਵਿੱਚ ਰੱਖਦਾ ਹਾਂ।

## ਜਲ ਸਪਲਾਈ ਅਤੇ ਸੈਨੀਟੇਸ਼ਨ

90. ਮੈਨੂੰ ਇਹ ਦੱਸਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਨੇ ਪੇਂਡੂ ਘਰਾਂ ਨੂੰ ਟੂਟੀ ਪਾਈਪ ਜਲ ਸਪਲਾਈ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਸਫਲਤਾਪੂਰਵਕ ਪੂਰੀ ਕਵਰੇਜ ਪ੍ਰਾਪਤ ਕੀਤੀ ਹੈ। ਪੰਜਾਬ ਨੇ ਪੂਰੇ ਦੇਸ਼ ਭਰ ਵਿੱਚ "ਹਰ ਘਰ ਜਲ" ਯੋਜਨਾ ਵਿਚ 5ਵਾਂ ਰੈਂਕ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਪਾਣੀ ਦੀ ਗੁਣਵੱਤਾ ਅਤੇ ਘਾਟ ਨਾਲ ਸਬੰਧਤ ਚੁਣੌਤੀਆਂ ਨਾਲ ਨਜਿੱਠਣ ਲਈ 2024-25 ਵਿੱਚ 15 ਵਿਆਪਕ ਬਹੁ-ਪਿੰਡ ਸਤਹੀ ਜਲ ਸਪਲਾਈ ਸਕੀਮਾਂ ਲਗਭਗ 2,200 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਣ ਦੀ ਉਮੀਦ ਹੈ। ਇਸ ਵਿੱਚ 1,706 ਪਿੰਡਾਂ ਨੂੰ ਸ਼ਾਮਲ ਕੀਤਾ ਜਾਵੇਗਾ।

91. ਵੱਖ-ਵੱਖ ਜ਼ਿਲ੍ਹਿਆਂ ਦੇ 685 ਪਿੰਡਾਂ ਵਿੱਚ ਸ਼ੁੱਧ ਪੀਣ ਵਾਲੇ ਪਾਣੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਆਈ.ਆਈ.ਟੀ. ਮਦਰਾਸ ਤੋਂ Adsorption ਤਕਨਾਲੋਜੀ ਦੀ ਵਰਤੋਂ ਕਰਨ ਵਾਲੇ ਆਰਸੈਨਿਕ ਅਤੇ ਆਇਰਨ ਰਿਮੂਵਲ ਪਲਾਂਟ (ਏ.ਆਈ.ਆਰ.ਪੀ.ਐਸ.) ਲਗਾਏ ਗਏ ਹਨ। ਇਸ ਦੇ ਨਾਲ ਹੀ, ਕੁੱਲ 133 ਕਰੋੜ ਰੁਪਏ ਦੇ ਨਿਵੇਸ਼ ਨਾਲ 170 ਸਰਹੱਦੀ ਪਿੰਡਾਂ ਵਿੱਚ ਘਰੇਲੂ ਪਿਊਰੀਫਾਇਰ ਅਤੇ ਸਾਮੁਦਾਇਕ ਜਲ

ਸ਼ੁੱਧੀਕਰਨ ਪਲਾਂਟ ਵੰਡੇ ਅਤੇ ਲਗਾਏ ਗਏ ਹਨ।

92. ਵਿੱਤੀ ਸਾਲ 2024-25 ਵਿੱਚ ਸਵੱਛ ਭਾਰਤ ਮਿਸ਼ਨ (ਗ੍ਰਾਮੀਣ), ਮੌਜੂਦਾ ਬੁਨਿਆਦੀ ਢਾਂਚੇ ਨੂੰ ਬਦਲਣ ਅਤੇ ਮੁੜ ਵਸੇਬਾ ਕਰਨ, ਅਤੇ ਸਤਹੀ-ਪਾਣੀ ਅਧਾਰਤ ਯੋਜਨਾ ਦੀ ਸਥਾਪਨਾ ਅਤੇ ਵਾਧੇ ਵਰਗੇ ਪ੍ਰੋਜੈਕਟਾਂ ਨੂੰ ਚਲਾਉਣ ਲਈ 1,549 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

## ਜਲ ਸਰੋਤ

93. 'ਆਪ' ਸਰਕਾਰ ਨੇ ਇਸ ਸਾਲ ਹੜ੍ਹਾਂ ਕਾਰਨ ਹੋਏ ਨੁਕਸਾਨ ਨੂੰ ਘੱਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਅਤੇ ਲਗਭਗ 3,461 ਕਿਲੋਮੀਟਰ ਡਰੇਨਾਂ ਦੀ ਸਫ਼ਾਈ ਕਾਰਜਾਂ ਲਈ ਅਤੇ ਜ਼ਮੀਨੀ ਪੱਧਰ ਤੇ 68 ਹੜ੍ਹ ਸੁਰੱਖਿਆ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ 100 ਕਰੋੜ ਰੁਪਏ ਅਲਾਟ ਕੀਤੇ। ਇਸ ਤੋਂ ਇਲਾਵਾ, ਲਗਾਤਾਰ ਮੀਂਹ ਅਤੇ ਹੜ੍ਹਾਂ ਦੇ ਪਾਣੀ ਕਾਰਨ ਵੱਡੀਆਂ ਨਦੀਆਂ ਵਿੱਚ ਪਾੜ ਨੂੰ ਦੂਰ ਕਰਨ ਲਈ 192 ਕਰੋੜ ਰੁਪਏ ਖਰਚ ਕੀਤੇ ਗਏ। ਸਾਡੀਆਂ ਨਹਿਰਾਂ ਨੂੰ ਹੋਰ ਮਜ਼ਬੂਤ ਕਰਨ ਲਈ, ਵਿੱਤੀ ਸਾਲ 2024-25 ਵਿੱਚ 2,107 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

94. ਮਾਨਯੋਗ ਸਪੀਕਰ ਸਾਹਿਬ, ਸਿੰਚਾਈ ਸਹੂਲਤਾਂ ਨੂੰ ਪਹਿਲ ਦੇਣ ਵਾਲੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦੂਰਅੰਦੇਸ਼ੀ ਤੋਂ ਸੇਧ ਲੈ ਕੇ, ਅਸੀਂ ਇੱਕ ਨਵੇਂ ਮਾਲਵਾ ਕੈਨਾਲ ਪ੍ਰੋਜੈਕਟ ਦੀ ਤਜਵੀਜ਼ ਰੱਖੀ ਹੈ। ਇਸ ਪਹਿਲਕਦਮੀ ਦਾ ਟੀਚਾ ਲਗਭਗ 1,78,000 ਏਕੜ ਨੂੰ ਕਵਰ ਕਰਨਾ ਹੈ, ਜਿਸ ਨਾਲ ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਮੁਕਤਸਰ ਜ਼ਿਲ੍ਹਿਆਂ ਨੂੰ ਲਾਭ ਹੋਵੇਗਾ। ਇਸ ਪ੍ਰੋਜੈਕਟ ਦਾ ਉਦੇਸ਼ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਨੂੰ ਘਟਾਉਣਾ ਅਤੇ ਹਾੜ੍ਹੀ ਦੇ ਸਮੇਂ ਦੌਰਾਨ ਬਿਆਸ-

ਸਤਲੁਜ ਦਰਿਆ ਦੇ ਪਾਣੀ ਦੀ ਘੱਟ ਵਰਤੋਂ ਵਾਲੇ ਪੰਜਾਬ ਦੇ ਹਿੱਸੇ ਨੂੰ ਅਨੁਕੂਲ ਬਣਾਉਣਾ ਹੈ।

ਮਾਲਵਾ ਨਹਿਰ ਦਾ ਜਿਹੜਾ ਨਵਾਂ ਪ੍ਰਾਜੈਕਟ ਕੀਤਾ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਬਹੁਤ ਵੱਡੇ ਮਾਲਵੇ ਦੇ ਹਿੱਸੇ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਵਾਂਗੇ ਉੱਥੇ ਇਰੀਗੇਸ਼ਨ ਲਈ ਵੀ ਵੱਡਾ ਲਾਭ ਪੰਜਾਬ ਦੇ ਕਿਸਾਨਾਂ ਨੂੰ ਹੋਵੇਗਾ।

95. ਸਪੀਕਰ ਸਾਹਿਬ, ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਵਿੱਚ ਜਲ ਭੰਡਾਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਨਾਲ 37,173 ਹੈਕਟੇਅਰ ਦੀ ਵਾਧੂ ਸਿੰਚਾਈ ਸਮਰੱਥਾ ਪੈਦਾ ਹੋਵੇਗੀ ਅਤੇ ਨਾਲ ਹੀ ਯੂ.ਬੀ.ਡੀ.ਸੀ. ਪ੍ਰਣਾਲੀ ਅਧੀਨ 1.18 ਲੱਖ ਹੈਕਟੇਅਰ ਖੇਤਰ ਭਾਵ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਅਤੇ ਪਠਾਨਕੋਟ ਵਿੱਚ ਸਿੰਚਾਈ ਹੋ ਸਕੇਗੀ। 206 ਮੈਗਾਵਾਟ ਦੀ ਸਥਾਪਿਤ ਸਮਰੱਥਾ ਵਾਲਾ ਹਾਈਡਲ ਪਾਵਰ ਪਲਾਂਟ ਸ਼ੀਘਰ ਪੂਰਾ ਹੋ ਜਾਵੇਗਾ।

***12.19 ਵਜੇ ਬਾਅਦ ਦੁਪਹਿਰ** **(*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

96. ਸਾਡੀ ਸਰਕਾਰ ਨੇ ਜਲ ਮਾਰਗਾਂ ਦੀ ਲਾਈਨਿੰਗ ਦੇ ਕੰਮਾਂ ਨੂੰ ਤਰਜੀਹ ਦਿੱਤੀ ਹੈ ਅਤੇ ਰਾਜ ਭਰ ਵਿੱਚ 80 ਕਰੋੜ ਰੁਪਏ ਦੇ ਕੰਮ ਪਹਿਲਾਂ ਹੀ ਸ਼ੁਰੂ ਕੀਤੇ ਜਾ ਚੁੱਕੇ ਹਨ। ਮੈਂ ਵਿੱਤੀ ਸਾਲ 2024-25 ਵਿੱਚ ਨਵੇਂ ਪ੍ਰੋਜੈਕਟਾਂ- ਉਸਾਰੀ/ਰੀ-ਮਾਡਲਿੰਗ ਅਤੇ ਲਾਈਨਿੰਗ/ਰੀ-ਲਾਈਨਿੰਗ ਦੇ ਕੰਮਾਂ ਲਈ 143 ਕਰੋੜ ਰੁਪਏ ਅਤੇ ਰਾਜਸਥਾਨ ਅਤੇ ਸਰਹਿੰਦ ਫੀਡਰ ਦੀ ਰੀ-ਲਾਈਨਿੰਗ ਨੂੰ ਪੂਰਾ ਕਰਨ ਲਈ 150 ਕਰੋੜ ਰੁਪਏ ਦੀ ਵੰਡ ਦਾ

ਪ੍ਰਸਤਾਵ ਰੱਖਦਾ ਹਾਂ।

## ਸਥਾਨਕ ਸਰਕਾਰ ਅਤੇ ਸ਼ਹਿਰੀ ਵਿਕਾਸ

97. ਮੈਨੂੰ ਇਸ ਤੱਥ ਤੇ ਮਾਣ ਹੈ ਕਿ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਕਰਵਾਏ ਗਏ ਸਵੱਛ ਸਰਵੇਖਣ 2023 ਵਿੱਚ, ਪੰਜਾਬ ਨੇ ਉੱਤਰੀ ਜ਼ੋਨ ਵਿੱਚ ਪਹਿਲਾ ਰੈਂਕ ਪ੍ਰਾਪਤ ਕੀਤਾ। ਸਾਲ 2023-24 ਦੇ ਦੌਰਾਨ, ਹੁਣ ਤੱਕ 148 ਵਿੱਚੋਂ 79 ਵਿੱਚ ਪੁਰਾਣੀ ਰਹਿੰਦ-ਖੂੰਹਦ ਦੇ ਸੁਧਾਰ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ ਅਤੇ ਬਾਕੀ 69 ਸ਼ਹਿਰੀ ਸਥਾਨਕ ਅਦਾਰਿਆਂ ਦੇ ਰਹਿੰਦ-ਖੂੰਹਦ ਦੇ ਸੁਧਾਰ ਦਾ ਕੰਮ 31 ਮਾਰਚ, 2026 ਤੱਕ ਮੁੱਕਮੱਲ ਕਰ ਲਿਆ ਜਾਵੇਗਾ। ਮੈਂ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿੱਤੀ ਸਾਲ 2024-25 ਵਿੱਚ 6,289 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

98. ਗਰੀਬ ਪਰਿਵਾਰਾਂ, ਜਿਨ੍ਹਾਂ ਕੋਲ ਆਪਣਾ ਪੱਕਾ ਘਰ ਨਹੀਂ ਹੈ, ਨੂੰ ਪੱਕਾ ਮਕਾਨ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ; 225 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਨਾਲ, 2023-24 ਵਿੱਚ 30,000 ਘਰ ਮੁਕੰਮਲ ਕੀਤੇ ਗਏ ਅਤੇ ਮੈਂ ਬਾਕੀ ਰਹਿੰਦੇ ਮਕਾਨਾਂ ਨੂੰ ਪੂਰਾ ਕਰਨ ਲਈ ਵਿੱਤੀ ਸਾਲ 2024-25 ਲਈ 510 ਕਰੋੜ ਰੁਪਏ ਦੀ ਫੰਡ ਦੀ ਤਜਵੀਜ਼ ਰੱਖਦਾ ਹਾਂ।

99. ਜਲ ਸਪਲਾਈ ਸਕੀਮਾਂ ਅਤੇ ਵਾਤਾਵਰਣ ਦੀ ਪੁਨਰ-ਸੁਰਜੀਤੀ ਨਾਲ ਸਬੰਧਤ ਅਟਲ ਮਿਸ਼ਨ ਫਾਰ ਰੀਜੁਵੇਨੇਸ਼ਨ ਐਂਡ ਅਰਬਨ ਟਰਾਂਸਫਾਰਮੇਸ਼ਨ (ਅਮਰੁਤ) ਅਧੀਨ ਕੰਮ ਕਰਨ ਲਈ, ਵਿੱਤੀ ਸਾਲ 2024-25 ਵਿੱਚ 394 ਕਰੋੜ ਰੁਪਏ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ, ਸਵੱਛ ਭਾਰਤ ਮਿਸ਼ਨ; ਰਾਸ਼ਟਰੀ ਸ਼ਹਿਰੀ

ਆਜੀਵਿਕਾ ਮਿਸ਼ਨ; ਪੰਜਾਬ ਮਿਉਂਸਪਲ ਡਿਵੈਲਪਮੈਂਟ ਫੰਡ ਲਈ ਵਿੱਤੀ ਸਾਲ 2024-25 ਵਿੱਚ ਕੁੱਲ 538 ਕਰੋੜ ਰੁਪਏ ਦੀ ਤਜਵੀਜ਼ ਹੈ।

100. ਅਸੀਂ ਨਵੇਂ ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਫੰਡ ਦੇ ਤਹਿਤ, ਨੈਸ਼ਨਲ ਹਾਊਸਿੰਗ ਬੈਂਕ ਦੀ ਸਹਾਇਤਾ ਨਾਲ 322 ਕਰੋੜ ਰੁਪਏ ਦੀ ਰਕਮ ਦੇ ਸੀਵਰੇਜ ਟ੍ਰੀਟਮੈਂਟ ਪਲਾਂਟ; ਸ਼ਹਿਰੀ ਪਾਰਕ; ਲੈਜ਼ਰ ਵੈਲੀ; ਅਤੇ ਜਲ ਸਪਲਾਈ ਦੇ ਵਾਧੇ ਅਤੇ ਪੁਨਰਵਾਸ ਆਦਿ ਨਾਲ ਸਬੰਧਤ ਵੱਖ-ਵੱਖ ਇਨਫਰਾਸਟਰਕਚਰ ਪ੍ਰੋਜੈਕਟ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਦੇ ਹਾਂ।

101. ਇਸ ਤੋਂ ਇਲਾਵਾ, ਸ਼ਹਿਰੀ ਆਵਾਜਾਈ ਵਿੱਚ ਸੁਧਾਰ ਕਰਨ ਲਈ ਪੰਜਾਬ ਸਰਕਾਰ ਹਾਊਸਿੰਗ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਨਾਲ ਰਾਬਤਾ ਕਾਇਮ ਕਰ ਰਹੀ ਹੈ ਅਤੇ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ਵਿੱਚ ਛੇਤੀ ਹੀ ਈ-ਬੱਸਾਂ ਚੱਲਣਗੀਆਂ।

102. ਇਸ ਤੋਂ ਇਲਾਵਾ, ਵੱਖ-ਵੱਖ ਵਿਭਾਗਾਂ ਜਿਵੇਂ ਕਿ ਜਲ ਸਰੋਤ; ਜਲ ਸਪਲਾਈ ਅਤੇ ਸੈਨੀਟੇਸ਼ਨ; ਸਥਾਨਕ ਸਰਕਾਰਾਂ ਅਤੇ ਜਨਤਕ ਕਾਰਜ ਵਿਚ ਸਾਲ 2024-25 ਦੌਰਾਨ ਪੀ.ਆਈ.ਡੀ.ਬੀ. ਦੁਆਰਾ ਕੀਤੇ ਜਾਣ ਵਾਲੇ ਇਨਫਰਾ-ਪ੍ਰੋਜੈਕਟਸ ਲਈ 900 ਕਰੋੜ ਰੁਪਏ ਦੀ ਵਾਧੂ ਰਾਸ਼ੀ ਤਜਵੀਜ਼ਤ ਹੈ।

*12.25 ਬਾਅਦ ਦੁਪਹਿਰ    (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

## ਪੇਂਡੂ ਵਿਕਾਸ ਅਤੇ ਪੰਚਾਇਤਾਂ

103. ਸਪੀਕਰ ਸਾਹਿਬ, 'ਆਪ' ਸਰਕਾਰ ਪੇਂਡੂ ਆਬਾਦੀ ਲਈ ਬੁਨਿਆਦੀ ਸਹੂਲਤਾਂ ਅਤੇ ਪੇਂਡੂ ਰੁਜ਼ਗਾਰ ਅਤੇ ਪੇਂਡੂ ਅਜੀਵਿਕਾ ਪੈਦਾ ਕਰਕੇ ਸਰਵਪੱਖੀ ਵਿਕਾਸ ਕਰਨ ਲਈ ਵਚਨਬੱਧ ਹੈ। ਮੈਂ ਵਿੱਤੀ ਸਾਲ 2024-25 ਵਿੱਚ 3,154 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ।

104. ਸਾਡੀ ਸਰਕਾਰ ਵੱਲੋਂ ਸਰਕਾਰੀ ਜ਼ਮੀਨ ਦੇ ਉੱਪਰ ਹੋਏ ਨਜ਼ਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਮੁਹਿੰਮ ਨੂੰ ਬੇਹਦ ਸਫਲਤਾ ਮਿਲੀ ਹੈ। ਇਸ ਦੇ ਨਤੀਜੇ ਵਜੋਂ 12,000 ਏਕੜ ਤੋਂ ਵੱਧ ਰਕਬੇ ਗੈਰ-ਕਾਨੂੰਨੀ ਕਬਜ਼ੇ ਤੋਂ ਮੁਕਤ ਕਰਵਾਏ ਗਏ, ਜਿਨ੍ਹਾਂ ਨੂੰ ਵੱਧ ਤੋਂ ਵੱਧ ਇਸ ਦੇ ਅਧਿਕਾਰਤ ਮਾਲਕਾਂ ਭਾਵ ਪੰਚਾਇਤਾਂ ਨੂੰ ਸੌਂਪਿਆ ਗਿਆ।

ਇਸੇ ਤਰ੍ਹਾਂ ਸਾਡੀ ਸਰਕਾਰ ਵੱਲੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਦ੍ਰਿੜ੍ਹ ਇਰਾਦੇ ਦੀ ਜਿਊਂਦੀ ਜਾਗਦੀ ਤਸਵੀਰ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ ਜਿਹੜੇ ਸਰਕਾਰੀ ਜ਼ਮੀਨਾਂ ਉੱਪਰ ਹੋਏ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਜਿਹੜੀ ਮੁਹਿੰਮ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦੇਖ-ਰੇਖ ਵਿੱਚ ਹੋਈ ਸੀ, ਉਸ ਨੂੰ ਬੇਹੱਦ ਸਫਲਤਾ ਮਿਲੀ ਹੈ। (ਥੰਪਿੰਗ)

105. ਵਿੱਤੀ ਸਾਲ 2024-25 ਦੌਰਾਨ ਪੇਂਡੂ ਵਿਕਾਸ ਹਿਤ ਵੱਖ-ਵੱਖ ਸਕੀਮਾਂ ਲਈ ਨਿਮਨ ਵੰਡਾਂ ਤਜਵੀਜ਼ਤ ਹਨ:

i. ਮਨਰੇਗਾ: ਰੁਜ਼ਗਾਰ ਮੁਹੱਈਆ ਕਰਵਾਉਣ ਲਈ 655 ਕਰੋੜ ਰੁਪਏ;

ii. ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ: 20 ਕਰੋੜ ਰੁਪਏ;

iii. ਰਾਸ਼ਟਰੀ ਪੇਂਡੂ ਅਜੀਵਿਕਾ ਮਿਸ਼ਨ: 120 ਕਰੋੜ ਰੁਪਏ; ਅਤੇ

iv. ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ: 20 ਕਰੋੜ ਰੁਪਏ।

## ਮਾਈਨਿੰਗ

106. ਸਾਡੀ ਸਰਕਾਰ ਨੇ 3 ਪੜਾਵਾਂ ਵਿੱਚ ਕੁੱਲ 60 ਜਨਤਕ ਮਾਈਨਿੰਗ ਸਾਈਟਾਂ ਨੂੰ ਕਾਰਜਸ਼ੀਲ ਬਣਾਇਆ ਹੈ ਅਤੇ ਇਹਨਾਂ ਸਾਈਟਾਂ ਤੋਂ 14.66 ਲੱਖ ਮੀਟ੍ਰਿਕ ਟਨ ਰੇਤਾ 5.50/- ਰੁਪਏ ਪ੍ਰਤੀ cubic feet ਦੀ ਪਿਟ ਹੈੱਡ ਵਿਕਰੀ ਕੀਮਤ 'ਤੇ ਵੇਚਿਆ ਗਿਆ ਹੈ। ਅਗਲੇ ਪੜਾਅ ਵਿੱਚ, ਰਾਜ ਵਿੱਚ ਜਲਦੀ ਹੀ ਹੋਰ 16 ਸਾਈਟਾਂ ਸ਼ੁਰੂ ਕੀਤੇ ਜਾਣ ਦੀ ਉਮੀਦ ਹੈ।

107. "ਵਪਾਰਕ ਮਾਈਨਿੰਗ ਸਾਈਟਾਂ" ਦੀ ਨਿਲਾਮੀ ਕੀਤੀ ਜਾ ਰਹੀ ਹੈ ਜਿਸ ਵਿੱਚ 67 ਖਣਿਜ-ਯੁਕਤ ਸਾਈਟਾਂ ਦੇ ਨਾਲ 40 ਕਲਸਟਰ ਸ਼ਾਮਲ ਹਨ। ਅਸੀਂ ਆਉਣ ਵਾਲੇ ਸਾਲ ਦੌਰਾਨ ਰਾਜ ਵਿੱਚ 100 ਵਪਾਰਕ ਮਾਈਨਿੰਗ ਸਾਈਟਾਂ ਦੇ ਕਲਸਟਰਾਂ ਦੀ ਨਿਲਾਮੀ ਕਰਨ ਦਾ ਇਰਾਦਾ ਰੱਖਦੇ ਹਾਂ।

108. ਕਰੱਸ਼ਰ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵਿੱਚ, ਸਰਕਾਰ ਨੇ "ਪੰਜਾਬ ਕਰੱਸ਼ਰ ਨੀਤੀ" ਅਧਿਸੂਚਿਤ ਕੀਤੀ ਹੈ ਅਤੇ ਕਰੱਸ਼ਰ ਉਦਯੋਗ ਵਿੱਚ ਹੋਰ ਦਰੁਸਤੀ ਕਰਨ ਲਈ, ਅਸੀਂ ਜਲਦੀ ਹੀ "ਪਬਲਿਕ ਕਰੱਸ਼ਰ ਯੂਨਿਟਸ" ਨਾਮ ਦੀ ਪਹਿਲਕਦਮੀ ਕਰਾਂਗੇ।

**ਟਰਾਂਸਪੋਰਟ**

109. ਅਸੀਂ 'ਮੁੱਖ ਮੰਤਰੀ ਤੀਰਥ ਯਾਤਰਾ' ਰਾਹੀਂ ਪੰਜਾਬੀਆਂ ਨੂੰ ਦੇਸ਼ ਦੇ ਵੱਖ-ਵੱਖ ਤੀਰਥ ਸਥਾਨਾਂ ਦੀ ਮੁਫ਼ਤ ਯਾਤਰਾ ਦਾ ਮੌਕਾ ਪ੍ਰਦਾਨ ਕਰਨ ਦੇ ਯੋਗ ਹੋਏ ਹਾਂ। ਇਸ ਯੋਜਨਾ ਤਹਿਤ ਵਿੱਤੀ ਸਾਲ 2024-25 ਵਿੱਚ 25 ਕਰੋੜ ਰੁਪਏ ਦੇ ਨਾਲ-ਨਾਲ ਟਰਾਂਸਪੋਰਟ ਸੈਕਟਰ ਲਈ 550 ਕਰੋੜ ਰੁਪਏ ਦੀ ਅਲਾਟਮੈਂਟ ਦੀ ਤਜਵੀਜ਼ ਹੈ।

110. ਅਸੀਂ ਇਲੈਕਟ੍ਰਿਕ ਵਹੀਕਲ ਨੀਤੀ ਸ਼ੁਰੂ ਕੀਤੀ ਹੈ ਅਤੇ ਇਸ ਦੇ ਤਹਿਤ ਪ੍ਰੋਤਸਾਹਨ ਪ੍ਰਦਾਨ ਕਰਨ ਲਈ ਵਿੱਤੀ ਸਾਲ 2024-25 ਵਿੱਚ 10 ਕਰੋੜ ਰੁਪਏ ਤਜਵੀਜਤ ਹਨ।

111. ਲੁਧਿਆਣਾ ਅਤੇ ਮੋਰਿੰਡਾ ਵਿੱਚ ਵਹੀਕਲ ਸਕ੍ਰੈਪਿੰਗ ਦੀ ਸਹੂਲਤ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਨਵੇਂ ਗੈਰ-ਟਰਾਂਸਪੋਰਟ ਵਾਹਨਾਂ ਨੂੰ ਮੋਟਰ ਵਹੀਕਲ ਟੈਕਸ ਵਿੱਚ 25% ਤੱਕ ਦੀ ਛੋਟ ਦਿੱਤੀ ਜਾ ਰਹੀ ਹੈ।

112. ਮੈਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਰਾਜ ਦੀਆਂ ਲਗਭਗ 11 ਕਰੋੜ ਇਸਤਰੀਆਂ ਮੁਫ਼ਤ ਬੱਸ ਯਾਤਰਾ ਦਾ ਲਾਭ ਉਠਾ ਰਹੀਆਂ ਹਨ ਅਤੇ ਮੌਜੂਦਾ ਸਾਲ ਵਿੱਚ ਸਰਕਾਰ ਵੱਲੋਂ ਇਸ ਵਾਸਤੇ 450 ਕਰੋੜ ਰੁਪਏ ਉਪਲੱਬਧ ਕਰਵਾਏ ਗਏ ਸਨ ਅਤੇ ਵਿੱਤੀ ਸਾਲ 2024-25 ਲਈ ਇਸ ਸੇਵਾ ਨੂੰ ਜਾਰੀ ਰੱਖਣ ਲਈ 450 ਕਰੋੜ ਰੁਪਏ ਦਾ ਰਾਖਵਾਂਕਰਨ ਕੀਤਾ ਗਿਆ ਹੈ।(ਥੰਪਿੰਗ)

ਸਰ, ਮੈਂ ਇੱਥੇ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੁਰਾਣੇ ਸਮੇਂ ਦੌਰਾਨ ਪੰਜਾਬ

ਸਰਕਾਰ ਵੱਲੋਂ ਕੁਝ ਬੱਸਾਂ ਖਰੀਦ ਕੇ ਉਨ੍ਹਾਂ ਦੀਆਂ ਬਾਡੀਆਂ ਬਾਹਰਲੇ ਸੂਬਿਆਂ ਵਿੱਚ ਲਗਾਈਆਂ ਗਈਆਂ ਔਰ ਉਸ ਦੇ ਨਾਲ ਪੰਜਾਬ ਦਾ ਜੀ.ਐਸ.ਟੀ. ਗਿਆ, ਪੰਜਾਬ ਦਾ ਟੈਕਸ ਗਿਆ, ਉੱਥੇ ਪਤਾ ਨਹੀਂ ਬਾਹਰਲੇ ਸੂਬਿਆਂ ਵਿੱਚ ਸਸਤੀਆਂ ਲਗਾਈਆਂ ਗਈਆਂ ਜਾਂ ਮਹਿੰਗੀਆਂ ਲਗਾਈਆਂ ਗਈਆਂ, ਇਹ ਵੀ ਇੱਕ ਬਹੁਤ ਵੱਡੀ ਜਾਂਚ ਦਾ ਵਿਸ਼ਾ ਹੈ ਜਦ ਕਿ ਪੰਜਾਬ ਜਾਣਦਾ ਹੈ, ਦੇਸ਼ ਜਾਣਦਾ ਹੈ ਕਿ ਉਹ ਜਿਹੜੀਆਂ ਬੱਸਾਂ ਦੀਆਂ ਬਾਡੀਆਂ ਹਨ, ਪੰਜਾਬ ਉਹ ਸੂਬਾ ਹੈ ਜਿੱਥੇ ਸਭ ਤੋਂ ਵੱਧ ਬੱਸਾਂ ਜਾਂ ਟਰੱਕਾਂ ਦੀਆਂ ਬਾਡੀਆਂ ਲਗਾਉਣ ਲਈ ਦੂਜੇ ਸੂਬਿਆਂ ਤੋਂ ਲੋਕ ਪੰਜਾਬ ਵਿੱਚ ਆਉਂਦੇ ਹਨ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ:** ਬੈਠੋ, ਬੈਠੋ। No point of order. ਬੈਠੋ।

## ਬਿਜਲੀ

113. ਸਪੀਕਰ ਸਾਹਿਬ, ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਡੀ ਸਰਕਾਰ ਨੇ 540 ਮੈਗਾਵਾਟ ਦੀ ਸਮਰੱਥਾ ਵਾਲੇ ਜੀ.ਵੀ.ਕੇ. ਗੋਇੰਦਵਾਲ ਸਾਹਿਬ ਥਰਮਲ ਪਾਵਰ ਪਲਾਂਟ ਨੂੰ ਖਰੀਦ ਲਿਆ ਹੈ, ਜਿਸ ਦਾ ਨਾਮ ਹੁਣ ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ ਰੱਖਿਆ ਗਿਆ ਹੈ। ਇਹ ਪ੍ਰਾਪਤੀ 1080 ਕਰੋੜ ਰੁਪਏ ਦੀ ਬਹੁਤ ਘੱਟ ਲਾਗਤ 'ਤੇ ਹਾਸਿਲ ਕੀਤੀ ਗਈ ਹੈ, ਜੋ ਕਿ 2 ਕਰੋੜ ਰੁਪਏ ਪ੍ਰਤੀ ਮੈਗਾਵਾਟ ਦੇ ਬਰਾਬਰ ਹੈ, ਜਦੋਂ ਕਿ ਇਸ ਦੇ ਮੁਕਾਬਲੇ ਇੱਕ ਨਵੇਂ ਥਰਮਲ ਪਲਾਂਟ ‘ਤੇ 8.5 ਕਰੋੜ ਰੁਪਏ ਪ੍ਰਤੀ ਮੈਗਾਵਾਟ ਦੀ ਲਾਗਤ ਆਉਂਦੀ ਹੈ।

ਇੱਕ ਪੰਜਾਬ ਦਾ ਬਹੁਤ ਵੱਡਾ ਐਸੇਟ ਬਣਿਆ ਹੈ। (ਥੰਪਿੰਗ) ਮਾਣਯੋਗ ਸਪੀਕਰ ਸਾਹਿਬ, ਪਹਿਲੀ ਵਾਰ ਹੋਇਆ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸੋਚ ਨੂੰ ਅਸੀਂ ਸਲਾਮ ਕਰਦੇ ਹਾਂ ਕਿ ਪਹਿਲਾਂ ਸਰਕਾਰਾਂ ਸੰਸਥਾਵਾਂ ਨੂੰ ਪ੍ਰਾਈਵੇਟ ਕਰਦੀਆਂ ਹੁੰਦੀਆਂ ਸਨ। ਪਹਿਲੀ ਵਾਰ ਹੋਇਆ ਹੈ ਕਿ ਪ੍ਰਾਈਵੇਟ ਸੰਸਥਾਵਾਂ ਤੋਂ ਪ੍ਰਾਈਵੇਟ ਇੰਸਟੀਚਿਊਟ ਨੂੰ ਖਰੀਦ ਕੇ ਸਰਕਾਰ ਦੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਸੋ, ਮੈਂ ਇਹ ਸਮਝਦਾ ਹਾਂ ਕਿ ਇਹ ਸਰਕਾਰ ਦੀ ਇੱਕ ਇਤਿਹਾਸਿਕ ਪ੍ਰਾਪਤੀ ਹੈ।

114. ਸਾਡੀ ਸਰਕਾਰ ਦਾ ਧਿਆਨ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਸਾਡੇ ਪਾਵਰਕਾਮਾਂ ਨੂੰ ਹੋਰ ਪ੍ਰਭਾਵੀ ਅਤੇ ਕਿਫਾਇਤੀ ਬਣਾਉਣ 'ਤੇ ਹੈ। ਕਈ ਮਹੱਤਵਪੂਰਨ ਪਹਿਲਕਦਮੀਆਂ ਚੱਲ ਰਹੀਆਂ ਹਨ, ਜਿਸ ਵਿੱਚ ਰੋਪੜ ਵਿਖੇ ਇੱਕ ਨਵੇਂ 400 ਕੇ.ਵੀ. ਸਬਸਟੇਸ਼ਨ ਦਾ ਨਿਰਮਾਣ; ਧਨਾਨਸੂ ਅਤੇ ਬੇਹਮਨ ਜੱਸਾ ਸਿੰਘ ਦਾ ਮਜ਼ਬੂਤੀਕਰਨ ਸ਼ਾਮਲ ਹੈ। ਸ਼ੇਰਪੁਰ (ਲੁਧਿਆਣਾ) ਵਿਖੇ 220 ਕੇ.ਵੀ. ਸਬ ਸਟੇਸ਼ਨ ਸ਼ੀਘਰ ਚਾਲੂ ਹੋਣ ਵਾਲਾ ਹੈ।

115. ਵਰਤਮਾਨ ਵਿੱਚ 90% ਘਰੇਲੂ ਖਪਤਕਾਰਾਂ ਦਾ "ਜ਼ੀਰੋ" ਬਿਜਲੀ ਦਾ ਬਿੱਲ ਆ ਰਿਹਾ ਹੈ। ਘਰੇਲੂ ਖਪਤਕਾਰਾਂ ਨੂੰ 300 ਯੂਨਿਟਾਂ ਪ੍ਰਤੀ ਮਹੀਨੇ ਦੀ ਮੁਫਤ ਬਿਜਲੀ ਪ੍ਰਦਾਨ ਕਰਨ ਲਈ ਵਿੱਤੀ ਸਾਲ 2024-25 ਵਿੱਚ 7,780 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

116. ਇਸ ਅਜ਼ੀਮ ਸਦਨ ਨੂੰ ਇਹ ਦੱਸਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਪਾਵਰ ਸੈਕਟਰ ਦੇ ਕਾਰਜਬਲ ਨੂੰ ਮਜ਼ਬੂਤ ਕਰਨ ਲਈ ਕੁੱਲ 4,575 ਉਮੀਦਵਾਰਾਂ ਦੀ ਭਰਤੀ ਕੀਤੀ ਗਈ ਹੈ।

## ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ

117. ਪੰਜਾਬ ਦੇ ਨਵਿਆਉਣਯੋਗ ਊਰਜਾ ਖੇਤਰ ਵਿੱਚ 6.17 ਮੈਗਾਵਾਟ ਦੇ ਸੋਲਰ ਰੂਫ਼ਟਾਪ ਪਲਾਂਟ, 811 ਸੋਲਰ ਵਾਟਰ ਪੰਪਿੰਗ ਸਿਸਟਮ ਅਤੇ 10,218 ਸੋਲਰ ਸਟਰੀਟ ਲਾਈਟਾਂ ਦੀ ਸਥਾਪਨਾ ਨਾਲ ਮਹੱਤਵਪੂਰਨ ਪ੍ਰਗਤੀ ਹੋਈ ਹੈ।

118. ਇਸ ਤੋਂ ਇਲਾਵਾ, ਰਾਜ ਵੱਖ-ਵੱਖ ਯੋਜਨਾਵਾਂ ਦੁਆਰਾ ਸੂਰਜੀ ਊਰਜਾ ਉਤਪਾਦਨ ਵਿੱਚ ਸਰਗਰਮੀ ਨਾਲ ਰੁੱਝਿਆ ਹੋਇਆ ਹੈ, ਜਿਵੇਂ ਕਿ 50 ਮੈਗਾਵਾਟ ਕੈਨਾਲ ਟਾਪ ਪ੍ਰੋਜੈਕਟ ਦਾ ਵਿਕਾਸ; 10,833 ਸੋਲਰ ਸਟ੍ਰੀਟ ਲਾਈਟਾਂ ਦੀ ਸਥਾਪਨਾ; 220 ਮੈਗਾਵਾਟ ਵਾਲੇ ਸੋਲਰ ਪਾਵਰ ਪਲਾਂਟ ਅਤੇ 20,000 ਖੇਤੀਬਾੜੀ ਆਫ-ਗਰਿੱਡ ਸੋਲਰ ਪੰਪ ਆਦਿ। ਰਾਜ ਘਰੇਲੂ, ਵਪਾਰਕ, ਖੇਤੀਬਾੜੀ, ਮਿਉਂਸੀਪਲ, ਬਿਲਡਿੰਗ ਅਤੇ ਉਦਯੋਗਿਕ ਖੇਤਰਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਊਰਜਾ ਕੁਸ਼ਲਤਾ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਵੀ ਵਚਨਬੱਧ ਹੈ।

## ਸ਼ਹਿਰੀ ਹਵਾਬਾਜ਼ੀ

119. ਮੈਂ ਇਹ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਆਦਮਪੁਰ ਵਿਖੇ ਲਗਭਗ 150 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਏਅਰ ਟਰਮੀਨਲ, 75 ਯਾਤਰੀਆਂ ਦੀ ਪਿਛਲੀ ਪੋਰਟਾ ਕੈਬਿਨ ਸਮਰੱਥਾ ਨੂੰ 150 ਯਾਤਰੀਆਂ ਦੀ ਸਮਰੱਥਾ ਨਾਲ ਬਦਲ ਕੇ ਪੂਰਾ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ, ਰਾਜ ਸਰਕਾਰ ਵੱਲੋਂ ਹਵਾਈ ਅੱਡੇ 'ਤੇ ਸੜਕ ਦੇ ਨਿਰਮਾਣ ਲਈ 15 ਕਰੋੜ ਰੁਪਏ ਵੰਡੇ ਗਏ ਹਨ। ਹਲਵਾਰਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਹਵਾਈ ਅੱਡੇ ਨਾਲ ਸਬੰਧਤ ਕਾਰਜ ਮੁਕੰਮਲ ਹੋ ਗਏ ਹਨ ਅਤੇ ਇਨ੍ਹਾਂ ਦੋਵਾਂ ਹਵਾਈ

ਅੱਡਿਆਂ ਤੋਂ ਜਲਦੀ ਹੀ ਉਡਾਣਾਂ ਸ਼ੁਰੂ ਹੋਣ ਨਾਲ ਵਿਕਾਸ ਲਈ ਰਾਹ ਪੱਧਰਾ ਹੋ ਗਿਆ ਹੈ।

120. ਸਾਡੀ ਸਰਕਾਰ ਦੇ ਠੋਸ ਯਤਨਾਂ ਸਦਕਾ, ਅੰਮ੍ਰਿਤਸਰ ਤੋਂ ਕੁਆਲਾ-ਲੰਪੁਰ ਅਤੇ ਮਿਲਾਨ ਲਈ ਦੋ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਬਠਿੰਡਾ ਤੋਂ ਉਡਾਣਾਂ ਮੁੜ ਸ਼ੁਰੂ ਕੀਤੀਆਂ ਗਈਆਂ ਹਨ। ਪੰਜਾਬ ਅਤੇ ਯੂਰਪੀ ਦੇਸ਼ਾਂ ਦਰਮਿਆਨ ਹਵਾਈ ਸੰਪਰਕ ਵਧਾਉਣ ਲਈ ਹੋਰ ਕਦਮ ਚੁੱਕੇ ਜਾ ਰਹੇ ਹਨ।

121. ਇਸ ਦੇ ਨਾਲ, ਪਟਿਆਲਾ ਏਵੀਏਸ਼ਨ ਕਲੱਬ ਅਤੇ ਅੰਮ੍ਰਿਤਸਰ ਏਵੀਏਸ਼ਨ ਕਲੱਬ ਲਈ ਇੱਕ ਮਲਟੀ-ਇੰਜਨ ਏਅਰਕ੍ਰਾਫ਼ਟ ਅਤੇ ਦੋ ਸੀਮੁਲੇਟਰ ਖਰੀਦੇ ਜਾ ਰਹੇ ਹਨ। ਇਹ ਉਨ੍ਹਾਂ ਪਾਈਲਟ ਬਣਨ ਵਾਲੇ ਸਿੱਖਿਆਰਥੀਆਂ ਲਈ ਵਰਤੇ ਜਾਣਗੇ, ਜਿਨ੍ਹਾਂ ਨੇ ਲਾਇਸੈਂਸ ਅਪਲਾਈ ਕੀਤਾ ਹੋਇਆ ਹੈ।

### ਮਾਲੀਆ ਵਾਧਾ

122. ਵਿੱਤੀ ਸਾਲ 2024-25 ਵਿੱਚ ਕੁੱਲ ਮਾਲੀਆ ਪ੍ਰਾਪਤੀਆਂ 1,03,936 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ ਆਪਣਾ ਟੈਕਸ ਮਾਲੀਆ 58,900 ਕਰੋੜ ਰੁਪਏ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2024-25 ਵਿੱਚ ਕੇਂਦਰੀ ਕਰਾਂ ਦਾ ਹਿੱਸਾ 22,041 ਕਰੋੜ ਰੁਪਏ ਅਤੇ ਕੇਂਦਰ ਤੋਂ ਗ੍ਰਾਂਟ ਇਨ ਏਡ 11,748 ਕਰੋੜ ਰੁਪਏ ਅਨੁਮਾਨਿਆ ਗਿਆ ਹੈ।

123. ਸਾਡੇ ਆਪਣੇ ਟੈਕਸ ਮਾਲੀਆ ਅਰਥਾਤ ਜੀ.ਐਸ.ਟੀ. ਦੇ ਮੁੱਖ ਯੋਗਦਾਨ ਨੂੰ ਇੱਕ ਫਲਿੱਪ ਦੇਣ ਲਈ, ਟੈਕਸੇਸ਼ਨ ਵਿਭਾਗ ਨੇ ਆਈ.ਆਈ.ਟੀ., ਹੈਦਰਾਬਾਦ ਦੇ ਸਹਿਯੋਗ ਨਾਲ ਟੈਕਸਾਂ ਨਾਲ ਸਬੰਧਤ ਡੇਟਾ ਨੂੰ

ਇਕੱਤਰ ਕੀਤਾ, ਜਿਸ ਦੇ ਨਤੀਜੇ ਵਜੋਂ ਸਾਡੀ ਟੈਕਸ ਇੰਟੈਲੀਜੈਂਟ ਯੂਨਿਟ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਪਾਲਣਾ ਦਰ ਵਿੱਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਸਾਡੀ ਪ੍ਰਗਤੀਸ਼ੀਲ ਯੋਜਨਾ 'ਬਿਲ ਲਿਆਓ ਇਨਾਮ ਪਾਓ' ਨੇ ਵੀ ਨਤੀਜੇ ਦਿੱਤੇ ਹਨ। ਲਗਭਗ 60,000 ਬਿੱਲ ਅੱਪਲੋਡ ਕੀਤੇ ਜਾ ਚੁੱਕੇ ਹਨ ਅਤੇ 60 ਲੱਖ ਰੁਪਏ ਦੇ ਇਨਾਮ ਵੰਡੇ ਜਾ ਚੁੱਕੇ ਹਨ। ਮਾਲੀਆ ਕਮਾਉਣ ਵਾਲੇ ਵਿਭਾਗਾਂ ਵਿੱਚ ਹੋਰ ਮਾਲੀਆ ਵਧਾਉਣ ਲਈ ਕਈ ਉਪਾਅ ਤਿਆਰ ਕੀਤੇ ਜਾ ਰਹੇ ਹਨ।

## ਸਿੱਟਾ

ਮਾਣਯੋਗ ਸਪੀਕਰ ਸਾਹਿਬ,

124. ਪੰਜਾਬ ਦੇ ਸਰਵ-ਪੱਖੀ ਵਿਕਾਸ ਲਈ ਸਾਡੇ ਰਾਸ਼ਟਰੀ ਕਨਵੀਨਰ ਦੇ ਮਾਰਗਦਰਸ਼ਨ ਅਤੇ ਸਾਡੇ ਮਾਣਯੋਗ ਮੁੱਖ ਮੰਤਰੀ ਦੀ ਰਹਿਨੁਮਾਈ ਅਧੀਨ ਸਾਡੀ ਸਰਕਾਰ ਨਿਰੰਤਰ ਕਾਰਜ ਕਰ ਰਹੀ ਹੈ ਅਤੇ ਕੁਸ਼ਲ ਸਾਸ਼ਨ ਪਹਿਲਕਦਮੀਆਂ ਰਾਹੀਂ ਪੰਜਾਬੀਆਂ ਦੀ ਆਰਥਿਕਤਾ ਅਤੇ ਸਮਾਜ ਦੇ ਮੁੱਢਲੇ ਖੇਤਰਾਂ ਤੇ ਕੇਂਦਰਿਤ ਹੈ।

वतन के जाँ-निसार हैं वतन के काम आएँगे

हम इस ज़मीं को एक रोज़ आसमाँ बनाएँगे

125. ਅਟੁੱਟ ਦ੍ਰਿੜ ਇਰਾਦੇ ਅਤੇ ਇੱਕਮੁੱਠ ਨਜ਼ਰੀਏ ਨਾਲ ਅਸੀਂ ਇੱਕ ਜ਼ਿਆਦਾ ਮਜ਼ਬੂਤ, ਗਤੀਸ਼ੀਲ, ਅਤੇ ਜੀਵੰਤ "ਰੰਗਲੇ ਪੰਜਾਬ" ਦੀ ਉਸਾਰੀ ਦੀ ਲੀਹ 'ਤੇ ਹਾਂ।

126. ਅਖੀਰ ਵਿੱਚ, ਮੈਂ ਵਿੱਤ ਅਤੇ ਯੋਜਨਾ ਵਿਭਾਗ ਦੇ ਅਧਿਕਾਰੀਆਂ ਅਤੇ ਸਟਾਫ ਦੀ ਟੀਮ ਨੂੰ ਉਨ੍ਹਾਂ ਦੇ ਸਮਰਪਿਤ ਯਤਨਾਂ, ਵਚਬੱਧਤਾ ਅਤੇ ਅਣਥੱਕ ਮਿਹਨਤ ਲਈ ਦਿਲੋਂ ਪ੍ਰਸ਼ੰਸਾ ਕਰਨਾ ਚਾਹਾਂਗਾ, ਜਿਨ੍ਹਾਂ ਦੀ ਮਦਦ ਨਾਲ ਇਹ ਬਜਟ ਤਿਆਰ ਕੀਤਾ ਗਿਆ।

127. ਮੈਂ ਵਿਤੀ ਸਾਲ 2024-25 ਦੇ ਬਜਟ ਪ੍ਰਸਤਾਵਾਂ ਨੂੰ ਨਿਮਰਤਾ ਸਹਿਤ ਇਸ ਅਜ਼ੀਮ ਸਦਨ ਵਿਚ ਪਰਵਾਨਗੀ ਲਈ ਪੇਸ਼ ਕਰਦਾ ਹਾਂ।

**ਜੈ ਹਿੰਦ**

**ਮਾਣਯੋਗ ਸਪੀਕਰ :** ਹੁਣ ਸਦਨ ਬੁੱਧਵਾਰ, ਮਿਤੀ 6 ਮਾਰਚ, 2024 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*12.39 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਬੁੱਧਵਾਰ, ਮਿਤੀ 6 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ। )